Edit 19.qxd 10/19/2025 7:00 PM Page 1



ਅਜੀਤ

ਵਿਚਾਰ-ਪ੍ਰਵਾਹ

*ਸਰਕਾਰਾਂ ਦੁਆਰਾ ਕਾਨੂੰਨ ਨੂੰ ਲਾਗੂ ਨਾ ਕਰ ਸਕਣ ਦੀ ਅਸਫਲਤਾ ਤੋਂ ਵੱਡਾ ਦੋਸ਼ ਹੋਰ ਕੋਈ ਵੀ ਨਹੀਂ ਹੈ।* —ਅਲਬਰਟ ਆਈਨਸਟਾਈਨ

## ਤਿਉਹਾਰਾਂ ਦੀਆਂ ਖ਼ੁਸ਼ੀਆਂ ਤੇ ਸਿਹਤਮੰਦ ਸਮਾਜ ਦੀ ਸਿਰਜਣਾ

ਦੀਵਾਲੀ ਦੇਸ਼ ਦੇ ਪ੍ਰਮੁੱਖ ਤਿਉਹਾਰਾਂ 'ਚੋਂ ਇਕ ਹੈ। ਇਸ ਨੂੰ ਖ਼ੁਸ਼ੀਆਂ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਵੱਡੀ ਗਿਣਤੀ ਵਿਚ ਲੋਕ ਇਸ ਦਿਨ ਨੂੰ ਵਿਸ਼ੇਸ਼ ਚਾਅ ਨਾਲ ਮਨਾਉਂਦੇ ਹਨ। ਖ਼ੁਸ਼ੀ ਦੇ ਇਸ ਪ੍ਰਗਟਾਵੇ ਵਿਚ ਆਪਣੀ ਸਮਰੱਥਾ ਅਨੁਸਾਰ ਖ਼ਰੀਦੋ-ਫ਼ਰੋਖ਼ਤ ਕਰਨਾ, ਆਪਣੀ ਪਸੰਦ ਦੇ ਖਾਣ-ਪੀਣ ਦੇ ਸਾਮਾਨ ਦਾ ਇੰਤਜ਼ਾਮ ਕਰਨਾ, ਘਰਾਂ ਤੇ ਹੋਰ ਥਾਵਾਂ ਨੂੰ ਰੌਸ਼ਨ ਕਰਨਾ ਅਤੇ ਹਰ ਤਰ੍ਹਾਂ ਦੇ ਪਟਾਕੇ ਤੇ ਆਤਿਸ਼ਬਾਜ਼ੀ ਚਲਾਉਣਾ ਆਦਿ ਦੀਵਾਲੀ ਦੀਆਂ ਸਰਗਰਮੀਆਂ ਵਿਚ ਸ਼ਾਮਿਲ ਹੈ। ਇਸ ਨੂੰ ਰੌਸ਼ਨੀਆਂ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ ਅਤੇ ਇਹ ਕਲਪਨਾ ਵੀ ਕੀਤੀ ਜਾਂਦੀ ਹੈ ਕਿ ਇਹ ਦਿਨ ਮਨਾਂ ਨੂੰ ਰੌਸ਼ਨ ਕਰਨ ਵਿਚ ਵੀ ਸਹਾਈ ਹੋਵੇਗਾ। ਖ਼ੁਸ਼ੀਆਂ ਦੇ ਇਸ ਤਿਉਹਾਰ ਨੂੰ ਏਨੇ ਚਾਵਾਂ ਨਾਲ ਮਨਾਇਆ ਜਾਂਦਾ ਹੈ ਕਿ ਹਰ ਚੀਜ਼ ਦੀ ਬਹੁਤਾਤ ਹੋ ਜਾਂਦੀ ਹੈ। ਬਹੁਤੀ ਵਾਰ ਇਸ ਸਰਗਰਮੀ ਵਿਚ ਕਿਸੇ ਤਰ੍ਹਾਂ ਦਾ ਵੀ ਜ਼ਾਬਤਾ ਨਹੀਂ ਰਹਿੰਦਾ।

ਦੀਵਾਲੀ ਅਤੇ ਹੋਰ ਵੱਡੇ ਤਿਉਹਾਰਾਂ 'ਤੇ ਵਿਸ਼ੇਸ਼ ਰੂਪ ਵਿਚ ਤਰ੍ਹਾਂ-ਤਰ੍ਹਾਂ ਦੇ ਬਣਾਏ ਹੋਏ ਬੰਬ, ਪਟਾਕੇ, ਚੱਕਰੀਆਂ ਅਤੇ ਫੁਲਝੜੀਆਂ ਚਲਾਈਆਂ ਜਾਂਦੀਆਂ ਹਨ। ਇਨ੍ਹਾਂ ਦੀ ਵਿਕਰੀ ਕਰੋੜਾਂ ਵਿਚ ਹੁੰਦੀ ਹੈ। ਇਨ੍ਹਾਂ ਤਿਉਹਾਰਾਂ ਦੇ ਪ੍ਰਸੰਗ ਵਿਚ ਦੋ ਗੱਲਾਂ ਵੱਲ ਵਿਸ਼ੇਸ਼ ਰੂਪ ਵਿਚ ਧਿਆਨ ਦਿੱਤਾ ਜਾਣਾ ਜ਼ਰੂਰੀ ਹੈ। ਇਨ੍ਹਾਂ ਦਿਨਾਂ ਵਿਚ ਖਾਣ-ਪੀਣ ਦੀਆਂ ਹਰ ਤਰ੍ਹਾਂ ਦੀਆਂ ਵਸਤਾਂ ਵੱਡੀ ਪੱਧਰ 'ਤੇ ਤਿਆਰ ਕੀਤੀਆਂ ਜਾਂਦੀਆਂ ਹਨ। ਇਸ ਮੌਕੇ ਦਾ ਲਾਭ ਲਾਲਚੀ ਲੋਕ ਵੱਧ ਤੋਂ ਵੱਧ ਉਠਾਉਣ ਦਾ ਯਤਨ ਕਰਦੇ ਹਨ। ਇਨ੍ਹਾਂ ਦਿਨਾਂ ਵਿਚ ਵੱਡੀ ਮਾਤਰਾ ਵਿਚ ਬਣਾਈਆਂ ਜਾਣ ਵਾਲੀਆਂ ਮਠਿਆਈਆਂ ਵਿਚ ਬਹੁਤੀ ਵਾਰ ਮਿਲਾਵਟ ਕੀਤੀ ਜਾਂਦੀ ਹੈ।

ਮਿਲਾਵਟਖੋਰੀ ਸਾਡੇ ਸਮਾਜ ਨੂੰ ਲੱਗਿਆ ਇਕ ਅਜਿਹਾ ਰੋਗ ਹੈ, ਜਿਸ ਤੋਂ ਪਿੱਛਾ ਛੁਡਾਉਣਾ ਮੁਸ਼ਕਿਲ ਜਾਪਦਾ ਹੈ। ਸਰਕਾਰਾਂ ਦੇ ਵੱਡੇ ਯਤਨ ਵੀ ਮਿਲਾਵਟ 'ਤੇ ਕਾਬੂ ਨਹੀਂ ਪਾ ਸਕੇ। ਇਸੇ ਲਈ ਸਮੇਂ-ਸਮੇਂ 'ਤੇ ਸਰਕਾਰਾਂ ਮਿਲਾਵਟਖੋਰਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿਵਾਉਣ ਲਈ ਕਾਨੂੰਨ ਵੀ ਬਣਾਉਂਦੀਆਂ ਹਨ, ਪਰ ਬਹੁਤੀ ਵਾਰ ਇਹ ਕਾਨੂੰਨ ਵੀ ਪ੍ਰਭਾਵਸ਼ਾਲੀ ਸਿੱਧ ਨਹੀਂ ਹੁੰਦੇ। ਇਸ ਦੇ ਨਾਲ ਹੀ ਹਵਾ ਪ੍ਰਦੂਸ਼ਣ ਦਾ ਮੁੱਦਾ ਵੀ ਸਾਹਮਣੇ ਆਉਂਦਾ ਹੈ। ਅੱਜ ਮੁਲਕ ਭਰ ਦੀਆਂ ਬਹੁਤੀਆਂ ਥਾਵਾਂ 'ਤੇ ਹਵਾ ਇਸ ਕਦਰ ਗੰਦਲੀ ਹੋ ਚੁੱਕੀ ਹੈ, ਜਿਸ ਨੂੰ ਠੀਕ ਕਰਨ ਲਈ ਵੱਡੇ ਤੋਂ ਵੱਡੇ ਯਤਨਾਂ ਦੀ ਜ਼ਰੂਰਤ ਹੈ। ਨਿੱਤ ਦਿਨ ਉੱਠਦਾ ਧੂੰਆਂ ਤੇ ਹਵਾ ਵਿਚ ਭਰੇ ਮਿੱਟੀ-ਘੱਟੇ ਨੇ ਮਨੁੱਖੀ ਜੀਵਨ ਨੂੰ ਦੁੱਭਰ ਕਰ ਕੇ ਰੱਖ ਦਿੱਤਾ ਹੈ। ਅੱਜ ਦੇਸ਼ ਭਰ ਵਿਚ ਲੱਖਾਂ ਹੀ ਵਿਅਕਤੀ ਸਾਹ ਦੀਆਂ ਬਿਮਾਰੀਆਂ ਤੋਂ ਪੀੜਤ ਹਨ। ਇਨ੍ਹਾਂ ਨਾਲ ਹੁੰਦੀਆਂ ਮੌਤਾਂ ਦੇ ਅੰਕੜਿਆਂ ਨੂੰ ਪੜ੍ਹ-ਸੁਣ ਕੇ ਦਿਲ ਦਹਿਲ ਜਾਂਦਾ ਹੈ। ਇਸੇ ਕਾਰਨ ਹੁਣ ਸਮਾਜ ਕੁਝ ਹੱਦ ਤੱਕ ਸੁਚੇਤ ਹੋ ਰਿਹਾ ਹੈ। ਵੱਡੀ ਗਿਣਤੀ ਵਿਚ ਵਾਤਾਵਰਨ ਪ੍ਰੇਮੀ ਖ਼ੁਸ਼ੀਆਂ ਭਰੇ ਤਿਉਹਾਰਾਂ ਨੂੰ ਇਕ ਨਵੀਂ ਦਿਸ਼ਾ ਵੱਲ ਮੋੜਨ ਲਈ ਯਤਨਸ਼ੀਲ ਹੋ ਰਹੇ ਹਨ। ਇਸ ਸੰਬੰਧੀ ਇਸ ਵਾਰ ਸਰਬਉੱਚ-ਅਦਾਲਤ (ਸੁਪਰੀਮ ਕੋਰਟ) ਦੇ ਫ਼ੈਸਲੇ ਵੱਲ ਵੀ ਧਿਆਨ ਦਿੱਤਾ ਜਾਣਾ ਬਣਦਾ ਹੈ। ਇਹ ਫ਼ੈਸਲਾ ਚਾਹੇ ਦਿੱਲੀ ਜਾਂ ਉਸ ਨਾਲ ਲਗਦੇ ਵੱਡੇ ਸ਼ਹਿਰਾਂ ਲਈ ਹੀ ਹੈ ਪਰ ਟੀਚਾ ਇਹ ਮਿੱਥਿਆ ਜਾਣਾ ਚਾਹੀਦਾ ਹੈ ਕਿ ਇਸ ਨੂੰ ਆਉਂਦੇ ਸਮੇਂ ਵਿਚ ਦੇਸ਼ ਭਰ ਵਿਚ ਲਾਗੂ ਕੀਤਾ ਜਾਵੇ। ਸਰਬਉੱਚ ਅਦਾਲਤ ਅਨੁਸਾਰ ਦਿੱਲੀ ਅਤੇ ਇਸ ਦੇ ਨਾਲ ਲਗਦੇ ਸ਼ਹਿਰਾਂ ਵਿਚ 18 ਤੋਂ 21 ਅਕਤੂਬਰ ਤੱਕ ਪਟਾਕੇ ਚਲਾਉਣ ਦੇ ਕੁਝ ਨਿਯਮ ਤੈਅ ਕੀਤੇ ਗਏ ਹਨ। ਹਦਾਇਤ ਅਨੁਸਾਰ ਇਸ ਮਹਾਂਨਗਰ ਵਿਚ ਕੁਝ ਘੰਟਿਆਂ ਲਈ ਗ੍ਰੀਨ (ਹਰੇ) ਪਟਾਕੇ ਚਲਾਉਣ ਦੀ ਇਜਾਜ਼ਤ ਦਿੱਤੀ ਗਈ ਹੈ। ਇਹ ਵੀ ਸੰਤੁਸ਼ਟੀ ਵਾਲੀ ਗੱਲ ਹੈ ਕਿ ਬਹੁਤੇ ਵਰਗਾਂ ਨੇ ਅਦਾਲਤ ਦੇ ਇਸ ਫ਼ੈਸਲੇ 'ਤੇ ਸੰਤੁਸ਼ਟੀ ਜ਼ਾਹਿਰ ਕੀਤੀ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਸਰਦੀ ਦੀ ਆਮਦ ਦੇ ਨਾਲ ਹੀ ਦਿੱਲੀ ਦੀ ਹਵਾ ਬੇਹੱਦ ਦੂਸ਼ਿਤ ਅਤੇ ਗੰਦਲੀ ਹੋ ਜਾਂਦੀ ਹੈ। ਦੇਸ਼ ਦੀ ਰਾਜਧਾਨੀ ਦੁਨੀਆ ਭਰ ਦੇ ਦੇਸ਼ਾਂ ਦੀਆਂ ਰਾਜਧਾਨੀਆਂ 'ਚੋਂ ਬੇਹੱਦ ਦੂਸ਼ਿਤ ਮੰਨੀ ਜਾਂਦੀ ਹੈ। ਬਹੁਤੀ ਵਾਰ ਤਾਂ ਇਸ ਮੌਸਮ ਵਿਚ ਸਾਹ ਲੈਣਾ ਵੀ ਮੁਸ਼ਕਿਲ ਹੋ ਜਾਂਦਾ ਹੈ।

ਚਾਹੇ ਤਿਉਹਾਰਾਂ 'ਤੇ ਪਟਾਕੇ ਆਦਿ ਚਲਾਉਣੇ ਤਾਂ ਇਸ ਪ੍ਰਦੂਸ਼ਣ ਦਾ ਇਕ ਸਿਰਫ਼ ਕਾਰਨ ਹੀ ਹੈ ਪਰ ਇਸ ਦੀ ਗੰਦਲੀ ਹੋਈ ਆਬੋ-ਹਵਾ ਲਈ ਹੋਰ ਵੀ ਅਨੇਕਾਂ ਕਾਰਨ ਜ਼ਿੰਮੇਵਾਰ ਹੁੰਦੇ ਹਨ, ਜਿਨ੍ਹਾਂ ਵੱਲ ਵੀ ਸੰਬੰਧਿਤ ਪ੍ਰਸ਼ਾਸਨਾਂ ਨੂੰ ਧਿਆਨ ਦੇਣ ਦੀ ਜ਼ਰੂਰਤ ਹੈ। ਜਿੱਥੋਂ ਤੱਕ ਪਟਾਕਿਆਂ ਅਤੇ ਆਤਿਸ਼ਬਾਜ਼ੀ ਆਦਿ ਦਾ ਸੰਬੰਧ ਹੈ, ਇਸ ਬਾਰੇ ਇਨ੍ਹਾਂ ਨੂੰ ਬਣਾਉਣ ਵਾਲੇ ਕਾਰਖਾਨਿਆਂ 'ਤੇ ਸਖ਼ਤ ਕਾਨੂੰਨ ਲਾਗੂ ਹੋਣੇ ਚਾਹੀਦੇ ਹਨ, ਤਾਂ ਕਿ ਉਹ ਪ੍ਰਦੂਸ਼ਣ ਫੈਲਾਉਣ ਵਾਲੇ ਇਨ੍ਹਾਂ ਪਟਾਕਿਆਂ ਦੀ ਥਾਂ 'ਤੇ ਗ੍ਰੀਨ (ਹਰੇ) ਪਟਾਕੇ ਬਣਾਉਣ ਲਈ ਹੀ ਪਾਬੰਦ ਕੀਤੇ ਜਾ ਸਕਣ। ਸੂਚਨਾ ਅਨੁਸਾਰ ਇਨ੍ਹਾਂ ਹਰੇ ਪਟਾਕਿਆਂ ਵਿਚ ਪ੍ਰਦੂਸ਼ਣ ਫੈਲਾਉਣ ਵਾਲੇ ਰਸਾਇਣਾਂ ਦੀ ਮਾਤਰਾ ਕਾਫ਼ੀ ਘੱਟ ਹੁੰਦੀ ਹੈ, ਇਨ੍ਹਾਂ ਨੂੰ ਆਉਂਦੇ ਸਮੇਂ ਵਿਚ ਹੋਰ ਵੀ ਸੁਧਾਰਿਆ ਜਾ ਸਕਦਾ ਹੈ।

ਸਹੀ ਅਰਥਾਂ ਵਿਚ ਦੇਸ਼ ਭਰ ਵਿਚ ਮਨਾਏ ਜਾਂਦੇ ਤਿਉਹਾਰਾਂ ਵਿਚ ਹੋਰ ਖ਼ੁਸ਼ੀਆਂ ਅਤੇ ਖੇੜੇ ਭਰਨ ਲਈ ਇਨ੍ਹਾਂ ਗੱਲਾਂ ਵੱਲ ਪੂਰਾ-ਪੂਰਾ ਧਿਆਨ ਦੇਣ ਦੀ ਲੋੜ ਹੈ। ਬਿਨਾਂ ਸ਼ੱਕ ਅੱਜ ਖ਼ੁਰਾਕੀ ਵਸਤਾਂ ਵਿਚ ਮਿਲਾਵਟਖੋਰੀ ਅਤੇ ਇਸ ਦੇ ਨਾਲ ਹੀ ਪਾਣੀ ਅਤੇ ਹਵਾ ਪ੍ਰਦੂਸ਼ਣ ਨੇ ਕਰੋੜਾਂ ਮਨੁੱਖਾਂ ਦੇ ਸਰੀਰਾਂ ਨੂੰ ਜ਼ਰਜ਼ਰਾ ਕਰ ਦਿੱਤਾ ਹੈ। ਹਾਲਾਂਕਿ ਅਸੀਂ ਸਭ ਜਾਣਦੇ ਹਾਂ ਕਿ ਇਕ ਸਿਹਤਮੰਦ ਸਮਾਜ ਸਿਹਤਮੰਦ ਲੋਕ ਹੀ ਸਿਰਜ ਸਕਦੇ ਹਨ। ਅੱਜ ਜਿਸ ਪੜਾਅ 'ਤੇ ਮਨੁੱਖ ਪਹੁੰਚ ਚੁੱਕਾ ਹੈ, ਸਿਹਤਮੰਦ ਸਮਾਜ ਦੀ ਸਿਰਜਣਾ ਉਸ ਦਾ ਨਿਸ਼ਾਨਾ ਹੋਣਾ ਚਾਹੀਦਾ ਹੈ। ਇਸ ਸੰਬੰਧੀ ਕੀਤੀਆਂ ਪ੍ਰਾਪਤੀਆਂ ਹੀ ਮਨੁੱਖੀ ਸਮਾਜ ਦੇ ਅੱਗੇ ਵਧਣ ਦੇ ਆਧਾਰ ਬਣ ਸਕਦੀਆਂ ਹਨ।

**-ਬਰਜਿੰਦਰ ਸਿੰਘ ਹਮਦਰਦ**

# ਕੌਮਾਂਤਰੀ ਹਾਲਾਤ ਵਿਚ ਪ੍ਰਵਾਸ ਤੇ ਇਸ ਨਾਲ ਜੁੜੇ ਮਸਲੇ

**'ਪ੍ਰਵਾਸ'** ਧਰਤੀ 'ਤੇ ਮਨੁੱਖੀ ਇਤਿਹਾਸ ਦਾ ਉਸ ਸਮੇਂ ਤੋਂ ਹਿੱਸਾ ਰਿਹਾ ਹੈ, ਜਦੋਂ ਤੋਂ ਮਨੁੱਖ ਨੇ ਆਪਣੀ ਜ਼ਿੰਦਗੀ ਬਚਾਉਣ ਲਈ ਨਵੀਂ ਜਗ੍ਹਾ ਵੱਲ ਜਾਣਾ ਸ਼ੁਰੂ ਕੀਤਾ ਸੀ। ਪ੍ਰਵਾਸ ਇਕੱਲਾ ਮਨੁੱਖ ਹੀ ਨਹੀਂ, ਬਲਕਿ ਪਸ਼ੂ-ਪੰਛੀ ਵੀ ਕਰਦੇ ਹਨ। ਜੀਵਨ ਸਰੋਤਾਂ ਦੀ ਭਾਲ ਵਿਚ ਪ੍ਰਵਾਸ ਦੀ ਕੁਦਰਤੀ ਪ੍ਰਵਿਰਤੀ ਬਾਰੇ ਗੁਰਬਾਣੀ ਵਿਚ ਵੀ ਜ਼ਿਕਰ ਆਉਂਦਾ ਹੈ:

*ਨਕਿ ਨਥ ਖਸਮ ਹਥ ਕਿਰਤੁ ਧਕੇ ਦੇ॥*
*ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ॥੨॥*
*(ਮ. 2, ਅੰਗ: 653)*

ਦੱਸਿਆ ਜਾਂਦਾ ਹੈ ਕਿ ਧਰਤੀ 'ਤੇ ਪਹਿਲਾ ਪ੍ਰਵਾਸ ਲਗਭਗ 20 ਲੱਖ ਸਾਲ ਪਹਿਲਾਂ ਅਫ਼ਰੀਕਾ 'ਚ ਜਨਮੇ ਮਨੁੱਖੀ ਸਮੂਹਾਂ ਦੁਆਰਾ ਹੋਰ ਮਹਾਂਦੀਪਾਂ ਵੱਲ ਵਧਣ ਨਾਲ ਹੋਇਆ ਸੀ। ਤਕਰੀਬਨ 60 ਤੋਂ 70 ਹਜ਼ਾਰ ਸਾਲ ਪਹਿਲਾਂ ਆਧੁਨਿਕ ਮਨੁੱਖ ਅਫ਼ਰੀਕਾ ਤੋਂ ਨਿਕਲ ਕੇ ਏਸ਼ੀਆ, ਯੂਰਪ ਤੇ ਬਾਅਦ ਵਿਚ ਅਮਰੀਕਾ, ਆਸਟ੍ਰੇਲੀਆ ਵੱਲ ਫੈਲ ਗਏ।

**ਪ੍ਰਵਾਸ ਸੰਬੰਧੀ ਵਿਸ਼ਵ ਦੇ ਅੰਕੜੇ :** ਸੰਯੁਕਤ ਰਾਸ਼ਟਰ ਅਨੁਸਾਰ ਸਾਲ 2024 'ਚ ਵਿਸ਼ਵ ਭਰ 'ਚ ਕੌਮਾਂਤਰੀ ਪ੍ਰਵਾਸੀਆਂ ਦੀ ਗਿਣਤੀ 30.4 ਕਰੋੜ ਤੱਕ ਪਹੁੰਚ ਗਈ ਹੈ, ਜੋ 1990 ਵਿਚ 15.4 ਕਰੋੜ ਸੀ। ਇਸ ਦੇ ਮੁੱਖ ਕਾਰਨ ਆਰਥਿਕ ਮੌਕੇ, ਯੁੱਧ, ਜਲਵਾਯੂ ਤਬਦੀਲੀ ਤੇ ਬਿਹਤਰ ਜੀਵਨ ਦੀ ਭਾਲ ਹਨ। ਉਦਾਹਰਨ ਵਜੋਂ ਅਫ਼ਰੀਕਾ ਤੇ ਏਸ਼ੀਆ ਵਿਚ ਬਹੁਤ ਸਾਰੇ ਲੋਕ ਨੌਕਰੀਆਂ ਅਤੇ ਵੱਧ ਕਮਾਈ ਲਈ ਯੂਰਪ ਤੇ ਅਮਰੀਕਾ ਵੱਲ ਜਾਂਦੇ ਹਨ। 'ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਫਾਰ ਮਾਈਗ੍ਰੇਸ਼ਨ' ਦੀ ਰਿਪੋਰਟ ਅਨੁਸਾਰ ਸਾਲ 2023 ਵਿਚ (ਆਰਥਿਕ, ਵਪਾਰ, ਸਿੱਖਿਆ, ਰੁਜ਼ਗਾਰ ਤੇ ਸਮਾਜਿਕ ਤਰੱਕੀ ਨੂੰ ਉਤਸ਼ਾਹਿਤ ਕਰਨ ਵਾਲੀ ਕੌਮਾਂਤਰੀ ਸੰਸਥਾ) ਓ.ਈ.ਸੀ.ਡੀ. ਨਾਲ ਜੁੜੇ 38 ਉੱਨਤ ਦੇਸ਼ਾਂ ਵਿਚ 65 ਲੱਖ ਨਵੇਂ ਪੱਕੇ ਪ੍ਰਵਾਸੀ ਆਏ, ਜੋ ਸਾਲ 2022 ਨਾਲੋਂ 10 ਫ਼ੀਸਦੀ ਵੱਧ ਹਨ। ਇਸੇ ਤਰ੍ਹਾਂ ਭਾਰਤ ਵਿਚ ਵੀ ਉੱਤਰ ਪ੍ਰਦੇਸ਼, ਬਿਹਾਰ, ਬੰਗਾਲ, ਕਸ਼ਮੀਰ ਤੇ ਹੋਰ ਸੂਬਿਆਂ ਤੋਂ ਲੋਕ ਪੰਜਾਬ ਅਤੇ ਹੋਰ ਉੱਨਤ ਸੂਬਿਆਂ ਵੱਲ ਜਾਂਦੇ ਹਨ।

**ਪੰਜਾਬ 'ਚ ਪ੍ਰਵਾਸੀਆਂ ਦੀ ਆਮਦ :** 60ਵਿਆਂ ਦੇ ਦਹਾਕੇ ਦੌਰਾਨ ਹਰੀ ਕ੍ਰਾਂਤੀ ਤੋਂ ਬਾਅਦ ਪੰਜਾਬ ਵਿਚ ਮਜ਼ਦੂਰੀ ਦੀ ਵਧੀ ਲੋੜ ਨੂੰ ਪੂਰਾ ਕਰਨ ਲਈ ਪ੍ਰਵਾਸੀ ਮਜ਼ਦੂਰਾਂ ਦੀ ਆਮਦ ਸ਼ੁਰੂ ਹੋਈ ਸੀ। ਫ਼ਸਲਾਂ ਦੀ ਬਿਜਾਈ ਲਈ ਪ੍ਰਵਾਸੀਆਂ 'ਤੇ ਨਿਰਭਰਤਾ ਇੱਥੋਂ ਤੱਕ ਵਧ ਗਈ ਕਿ ਪੱਛਮੀ ਦੇਸ਼ਾਂ ਵੱਲ ਪ੍ਰਵਾਸ ਕਰਨ ਵੇਲੇ ਪੰਜਾਬੀਆਂ ਨੇ ਆਪਣੇ ਘਰ-ਬਾਰ ਤੱਕ ਇਨ੍ਹਾਂ ਪੂਰਬੀਏ ਪ੍ਰਵਾਸੀ ਮਜ਼ਦੂਰਾਂ ਦੇ ਹਵਾਲੇ ਕਰ ਦਿੱਤੇ ਹਨ। ਹੁਣ ਤਾਂ ਉੱਤਰ ਪ੍ਰਦੇਸ਼, ਬੰਗਾਲ, ਕਸ਼ਮੀਰ ਅਤੇ ਹੋਰ ਸੂਬਿਆਂ ਤੋਂ ਵੱਡੀ ਗਿਣਤੀ 'ਚ ਮੁਸਲਮਾਨ ਭਾਈਚਾਰੇ ਦੇ ਲੋਕ ਵੀ ਪੰਜਾਬ ਆ ਕੇ ਕਾਰੋਬਾਰ ਕਰਨ ਲੱਗੇ ਹਨ। ਤਾਜ਼ਾ ਅੰਦਾਜ਼ੇ ਅਨੁਸਾਰ ਪੰਜਾਬ ਦੀ ਕੁੱਲ ਆਬਾਦੀ ਦਾ ਲਗਭਗ 10 ਫ਼ੀਸਦੀ ਹਿੱਸਾ, ਲਗਭਗ 30 ਲੱਖ ਤੋਂ ਵੱਧ ਪ੍ਰਵਾਸੀ ਇੱਥੇ ਰਹਿੰਦੇ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਇਕ ਖੋਜ ਰਿਪੋਰਟ ਅਨੁਸਾਰ ਪੰਜਾਬ 'ਚ ਪੇਂਡੂ ਖੇਤਰਾਂ ਵਿਚ ਕੰਮ ਕਰਨ ਵਾਲੇ ਲਗਭਗ 8 ਲੱਖ ਤੋਂ ਵੱਧ ਮਜ਼ਦੂਰ ਪ੍ਰਵਾਸੀ ਹਨ, ਜਿਨ੍ਹਾਂ 'ਚੋਂ ਬਹੁਤੇ ਫ਼ਸਲਾਂ ਦੇ ਸੀਜ਼ਨ ਵਿਚ ਹੀ ਆਉਂਦੇ ਹਨ। ਇਸ ਤੋਂ ਇਲਾਵਾ, ਉਦਯੋਗਿਕ ਖੇਤਰ ਜਿਵੇਂ ਟੈਕਸਟਾਈਲ, ਇਮਾਰਤ ਉਸਾਰੀ, ਇੱਟਾਂ ਦੇ ਭੱਠੇ ਅਤੇ ਸੜਕ ਨਿਰਮਾਣ ਵਿਚ ਵੀ ਪ੍ਰਵਾਸੀ ਮਜ਼ਦੂਰਾਂ ਦੀ ਵੱਡੀ ਗਿਣਤੀ ਹੈ। ਪੰਜਾਬ ਦੇ ਨੌਜਵਾਨਾਂ ਵਿਚ ਵਿਦੇਸ਼ਾਂ ਵੱਲ ਪ੍ਰਵਾਸ ਦੀ ਪ੍ਰਵਿਰਤੀ ਸਦਕਾ ਇੱਥੇ ਘਰੇਲੂ ਕੰਮਾਂ ਦੀ ਮਜ਼ਦੂਰੀ ਲਈ ਖ਼ਲਾਅ ਪੈਦਾ ਹੋ ਗਿਆ ਹੈ।

**ਪ੍ਰਵਾਸ ਵਿਰੋਧੀ ਆਵਾਜ਼ਾਂ :** ਅੱਜ-ਕੱਲ੍ਹ ਪੂਰੀ ਦੁਨੀਆ ਵਿਚ ਪ੍ਰਵਾਸ ਇਕ ਚਰਚਿਤ ਮੁੱਦਾ ਬਣਿਆ ਹੋਇਆ ਹੈ। ਪਿਛਲੇ ਦਿਨੀਂ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ 'ਚ ਪੰਜ ਸਾਲਾ ਬੱਚੇ ਦੀ ਇਕ ਪ੍ਰਵਾਸੀ ਮਜ਼ਦੂਰ ਵਲੋਂ ਕੀਤੀ ਹੱਤਿਆ ਤੋਂ ਬਾਅਦ ਪੰਜਾਬ ਵਿਚ ਪ੍ਰਵਾਸ ਵਿਰੁੱਧ ਭਾਵਨਾਵਾਂ ਪ੍ਰਬਲ ਹੋਈਆਂ ਹਨ। ਇੰਗਲੈਂਡ ਵਿਚ ਪਿਛਲੇ ਮਹੀਨੇ ਹੀ ਲੰਡਨ ਵਿਖੇ ਵੀ ਟੌਮੀ ਰਾਬਿਨਸਨ ਦੇ ਸੱਦੇ 'ਤੇ ਇਕ ਰੈਲੀ ਵਿਚ 1 ਲੱਖ ਤੋਂ ਵੱਧ ਲੋਕਾਂ ਨੇ ਪ੍ਰਵਾਸੀਆਂ ਨੂੰ ਦੇਸ਼ 'ਚੋਂ ਕੱਢਣ ਦੀ ਮੰਗ ਕੀਤੀ ਸੀ। ਇਸੇ ਤਰ੍ਹਾਂ ਨਿਊਜ਼ੀਲੈਂਡ ਵਿਚ ਸਰਕਾਰ ਨੇ 2024-25 ਵਿਚ ਪ੍ਰਵਾਸ ਨਿਯਮਾਂ ਨੂੰ ਸਖ਼ਤ ਕਰ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ ਨੇ ਪ੍ਰਵਾਸ ਵਿਰੋਧੀ ਮਾਹੌਲ ਨੂੰ ਹੋਰ ਵੀ ਉਤਸ਼ਾਹਿਤ ਕੀਤਾ ਹੈ। ਜਨਵਰੀ 2025 'ਚ ਅਮਰੀਕਾ ਅੰਦਰ ਪ੍ਰਵਾਸੀਆਂ ਦੀ ਗਿਣਤੀ 5 ਕਰੋੜ 33 ਲੱਖ ਦੇ ਕਰੀਬ ਸੀ, ਜੋ ਜੂਨ 2025 ਤੱਕ 5 ਕਰੋੜ 19 ਲੱਖ ਰਹਿ ਗਈ ਹੈ।

**ਪ੍ਰਵਾਸੀਆਂ ਵਿਰੁੱਧ ਨਫ਼ਰਤ ਦੇ ਕਾਰਨ :** ਦਰਹਕੀਕਤ ਪ੍ਰਵਾਸੀਆਂ ਵਲੋਂ ਅਪਰਾਧਾਂ ਦੀ ਦਰ ਆਮ ਤੌਰ 'ਤੇ ਮੂਲ ਨਿਵਾਸੀਆਂ ਨਾਲੋਂ ਘੱਟ ਹੋਣ ਦੇ ਬਾਵਜੂਦ ਬਹੁਤ ਸਾਰੇ ਦੇਸ਼ਾਂ ਵਿਚ ਲੋਕ ਉਨ੍ਹਾਂ ਦੇ ਅਪਰਾਧਾਂ ਨੂੰ ਵਧਾਅ-ਚੜ੍ਹਾਅ ਕੇ ਪੇਸ਼ ਕਰਦੇ ਹਨ। ਵਿਗਿਆਨਕ ਅਧਿਐਨਾ ਮੁਤਾਬਿਕ ਇਹ ਨਫ਼ਰਤ ਅਸਲ ਅੰਕੜਿਆਂ ਨਾਲ ਨਹੀਂ, ਸਗੋਂ ਪੱਖਪਾਤ ਤੇ ਪ੍ਰਚਾਰ ਨਾਲ ਵਧਦੀ ਹੈ। ਜੇ ਮੀਡੀਆ ਜਾਂ ਸੋਸ਼ਲ ਨੈੱਟਵਰਕ ਵਿਚ ਪ੍ਰਵਾਸੀਆਂ ਨਾਲ ਜੁੜੇ ਅਪਰਾਧਾਂ ਨੂੰ ਵੱਧ ਵਿਖਾਇਆ ਜਾਂਦਾ ਹੈ ਤਾਂ ਲੋਕਾਂ ਨੂੰ ਲੱਗਦਾ ਹੈ ਕਿ ਅਪਰਾਧ ਬਹੁਤ ਜ਼ਿਆਦਾ ਹਨ, ਭਾਵੇਂ ਅਸਲ ਵਿਚ ਉਹ ਘੱਟ ਹੋਣ। ਅਲ ਜਜ਼ੀਰਾ ਦੀ ਰਿਪੋਰਟ ਅਨੁਸਾਰ ਅਮਰੀਕਾ ਵਿਚ ਪ੍ਰਵਾਸੀਆਂ ਨਾਲ ਜੁੜੇ ਅਪਰਾਧਾਂ ਬਾਰੇ ਗ਼ਲਤ ਅਫ਼ਵਾਹਾਂ ਫੈਲਾਉਣ 'ਚ ਮੀਡੀਆ ਤੇ ਰਾਜਨੀਤਕ ਖੇਮੇ ਵੱਡੀ ਭੂਮਿਕਾ ਨਿਭਾਉਂਦੇ ਹਨ। ਦੂਜਾ ਵੱਡਾ ਮਨੋਵਿਗਿਆਨਕ ਕਾਰਨ ਹੈ ਆਪਣੇ ਸਮੂਹ (ਮੂਲ ਨਿਵਾਸੀ) ਨੂੰ ਦੂਜਿਆਂ ਨਾਲੋਂ ਬਿਹਤਰ ਸਮਝਣਾ ਤੇ ਸਾਰੇ ਪ੍ਰਵਾਸੀਆਂ ਨੂੰ ਇਕੋ ਜਿਹੇ ਤੇ ਖ਼ਤਰਨਾਕ ਸਮਝਣਾ। ਤੀਜਾ ਕਾਰਨ 'ਡਰ ਦੀ ਭਾਵਨਾ' ਹੈ। ਮੂਲ ਨਿਵਾਸੀਆਂ ਨੂੰ ਲੱਗਦਾ ਹੈ ਕਿ ਪ੍ਰਵਾਸੀ ਉਨ੍ਹਾਂ ਦੇ ਰੁਜ਼ਗਾਰ, ਸੱਭਿਆਚਾਰ ਅਤੇ ਸਮਾਜਿਕ ਸੁਰੱਖਿਆ ਲਈ ਖ਼ਤਰਾ ਹਨ। ਚੌਥਾ, ਮੀਡੀਆ ਅਕਸਰ ਨਾਂਹ ਪੱਖੀ ਖ਼ਬਰਾਂ ਨੂੰ ਵੱਧ ਵਿਖਾਉਂਦਾ ਹੈ, ਜਿਸ ਨਾਲ ਲੋਕਾਂ ਦੀ ਸੋਚ ਵਿਚ ਪੱਖਪਾਤ ਵਧਦਾ ਹੈ। ਬਿਹਤਰ ਸਿੱਖਿਆ ਤੇ ਸਹੀ ਜਾਣਕਾਰੀ ਨਾਲ ਇਹ ਪੱਖਪਾਤ ਘਟਾਏ ਜਾ ਸਕਦੇ ਹਨ ਤਾਂ ਜੋ ਸਮਾਜ ਵਿਚ ਸਹਿਣਸ਼ੀਲਤਾ ਵਧੇ।





ਤਲਵਿੰਦਰ ਸਿੰਘ ਬੁੱਟਰ

ਪੰਜਾਬ ਵਿਚ ਪ੍ਰਵਾਸੀਆਂ ਦੇ ਵਿਰੋਧ ਦੀ ਭਾਵਨਾ ਪਿੱਛੇ ਕੁਝ ਵੱਖਰੇ ਕਾਰਨ ਵੀ ਹਨ। ਸਰਹੱਦੀ ਸੂਬਾ ਹੋਣ ਕਾਰਨ ਸ਼ੁਰੂ ਤੋਂ ਹੀ ਪੰਜਾਬੀਆਂ ਵਿਚ ਖੇਤਰੀ ਭਾਵਨਾਵਾਂ ਪ੍ਰਬਲ ਹਨ। ਇਸ ਕਰਕੇ ਸਭ ਤੋਂ ਵੱਡਾ ਕਾਰਨ ਲੰਬੇ ਸਮੇਂ ਤੋਂ ਸਿਆਸੀ ਤੇ ਆਰਥਿਕ ਵਿਤਕਰਿਆਂ ਦਾ ਸ਼ਿਕਾਰ ਹੋਏ ਪੰਜਾਬੀਆਂ ਵਿਚ ਦੇਸ਼ ਦੀ ਸਥਾਪਤੀ ਵਿਰੁੱਧ ਅਸੁਰੱਖਿਆ ਤੇ ਬੇਭਰੋਸਗੀ ਦੀ ਭਾਵਨਾ ਹੈ। ਪੰਜਾਬ ਦੇ ਲੋਕਾਂ ਨੂੰ ਵੀ ਬਾਕੀ ਲੋਕਾਂ ਵਾਂਗ ਲੱਗਦਾ ਹੈ ਕਿ ਪ੍ਰਵਾਸੀ ਮਜ਼ਦੂਰ ਉਨ੍ਹਾਂ ਦੇ ਰੁਜ਼ਗਾਰ ਖੋਹ ਰਹੇ ਹਨ। ਦੂਜੇ ਪਾਸੇ, ਇੱਥੇ ਕੰਮਕਾਜ ਲਈ ਆਉਣ ਵਾਲੇ ਪ੍ਰਵਾਸੀਆਂ ਸੰਬੰਧੀ ਕੋਈ ਸਰਕਾਰੀ ਨੀਤੀ ਨਾ ਹੋਣ ਕਾਰਨ ਬਹੁਤ ਸਾਰੇ ਪ੍ਰਵਾਸੀ ਇੱਥੋਂ ਦੇ ਪੱਕੇ ਵਸਨੀਕ ਵੀ ਬਣ ਰਹੇ ਹਨ, ਜਿਸ ਕਾਰਨ ਪੰਜਾਬੀਆਂ ਨੂੰ ਆਪਣੇ ਸੱਭਿਆਚਾਰ, ਸਮਾਜਿਕ ਤੇ ਆਬਾਦੀ ਅਨੁਪਾਤ ਵਿਚ ਗੜਬੜ ਹੋਣ ਦੇ ਖ਼ਦਸ਼ੇ ਨਜ਼ਰ ਆਉਂਦੇ ਹਨ, ਜਦਕਿ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਵਿਚ ਕੋਈ ਦੂਜੇ ਸੂਬੇ ਦਾ ਵਸਨੀਕ ਜ਼ਮੀਨ ਤੱਕ ਨਹੀਂ ਖ਼ਰੀਦ ਸਕਦਾ। ਬਿਹਾਰ ਵਿਚ ਵੋਟ ਬਣਾਉਣ ਲਈ ਘੱਟੋ-ਘੱਟ 11 ਦਸਤਾਵੇਜ਼ ਜ਼ਰੂਰੀ ਹੁੰਦੇ ਹਨ ਪਰ ਪੰਜਾਬ ਵਿਚ ਕੋਈ ਵਿਸ਼ੇਸ਼ ਪੈਮਾਨਾ ਨਾ ਹੋਣ ਕਾਰਨ ਪ੍ਰਵਾਸੀ ਮਜ਼ਦੂਰ ਸਹਿਜੇ ਹੀ ਇੱਥੇ ਆਪਣੀ ਵੋਟ ਬਣਾ ਲੈਂਦੇ ਹਨ। ਹਿਮਾਚਲ ਪ੍ਰਦੇਸ਼ ਵਿਚ ਨਿੱਜੀ ਖੇਤਰ ਦੇ ਰੁਜ਼ਗਾਰ 75% ਸਥਾਨਕ ਲੋਕਾਂ ਲਈ ਰਾਖਵੇਂ ਹਨ ਅਤੇ ਹਰਿਆਣਾ ਵੀ ਇਸੇ ਨੀਤੀਆਂ ਨੂੰ ਅਪਣਾ ਰਿਹਾ ਹੈ। ਪੰਜਾਬ ਵਿਚ ਆਉਣ ਵਾਲੇ ਪ੍ਰਵਾਸੀਆਂ ਦੇ ਪਿਛੋਕੜ ਦੀ ਇੱਥੇ ਕੋਈ ਵਧੇਰੇ ਜਾਂਚ-ਪੜਤਾਲ ਨਹੀਂ ਹੋ ਰਹੀ, ਜਿਸ ਕਾਰਨ ਉਨ੍ਹਾਂ ਦੀ ਮੁਜ਼ਰਮਾਨਾ ਕੰਮਾਂ ਵਿਚ ਸ਼ਮੂਲੀਅਤ ਨੂੰ ਰੋਕਣ ਵਿਚ ਔਖਿਆਈ ਹੋ ਰਹੀ ਹੈ।

**ਪ੍ਰਵਾਸ ਦੇ ਫ਼ਾਇਦੇ :** ਦੁਨੀਆ ਭਰ 'ਚ ਵਿਰੋਧ ਦੀ ਭਾਵਨਾ ਦੇ ਬਾਵਜੂਦ ਪ੍ਰਵਾਸੀ ਹਰ ਖ਼ਿੱਤੇ ਵਿਚ ਅਰਥਵਿਵਸਥਾ ਨੂੰ ਮਜ਼ਬੂਤ ਕਰਦੇ ਹਨ। ਅਮਰੀਕੀ ਇਮੀਗ੍ਰੇਸ਼ਨ ਕੌਂਸਲ ਅਨੁਸਾਰ ਪ੍ਰਵਾਸੀ ਅਮਰੀਕੀ ਅਰਥਵਿਵਸਥਾ ਵਿਚ ਅਰਬਾਂ ਡਾਲਰ ਜੋੜਦੇ ਹਨ। ਈ.ਪੀ.ਆਈ. ਦੀ ਰਿਪੋਰਟ ਮੁਤਾਬਿਕ ਪ੍ਰਵਾਸ ਵਧੇਰੇ ਨਵੀਨਤਾ, ਬਿਹਤਰ ਸਿੱਖਿਆ ਅਤੇ ਨਿਪੁੰਨਤਾ ਲਿਆਉਂਦਾ ਹੈ। ਅਮਰੀਕਾ ਵਿਚ ਪ੍ਰਵਾਸੀ ਲੇਬਰ ਫੋਰਸ ਨੂੰ ਵਧਾਉਂਦੇ ਹਨ ਅਤੇ ਟੈਕਸਾਂ ਵਿਚ ਯੋਗਦਾਨ ਪਾਉਂਦੇ ਹਨ। ਪੰਜਾਬ ਵਿਚ ਵੀ ਪ੍ਰਵਾਸੀ ਮਜ਼ਦੂਰ ਖੇਤੀ ਤੇ ਉਦਯੋਗ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਹ ਘੱਟ ਉਜਰਤ 'ਤੇ ਕੰਮ ਕਰ ਕੇ ਅਰਥਵਿਵਸਥਾ ਚਲਾਉਂਦੇ ਹਨ ਅਤੇ ਕਾਮਿਆਂ ਦੀ ਘਾਟ ਨੂੰ ਪੂਰਾ ਕਰਦੇ ਹਨ। ਮਾਈਗ੍ਰੇਸ਼ਨ ਪਾਲਿਸੀ ਇੰਸਟੀਚਿਊਟ ਅਨੁਸਾਰ ਪ੍ਰਵਾਸੀ ਨਵੇਂ ਕਾਰੋਬਾਰ ਸ਼ੁਰੂ ਕਰਦੇ ਹਨ ਤੇ ਖ਼ਪਤ ਵਧਾਉਂਦੇ ਹਨ।

**ਮਨੋਦਸ਼ਾ ਤੇ ਅਪਰਾਧਾਂ 'ਚ ਸ਼ਮੂਲੀਅਤ :** ਹਰ ਖ਼ਿੱਤੇ, ਦੇਸ਼ ਦੇ ਪ੍ਰਵਾਸੀਆਂ ਦੀ ਮਨੋਦਸ਼ਾ ਦੇ ਕਾਰਨ ਲਗਭਗ ਇਕੋ ਜਿਹੇ ਹੁੰਦੇ ਹਨ। ਇਨ੍ਹਾਂ ਵਿਚ ਮੁੱਖ ਤੌਰ 'ਤੇ ਆਰਥਿਕ ਨਿਰਾਸ਼ਾ, ਸਮਾਜਿਕ ਅਲਹਿਦਗੀ ਅਤੇ ਵਿਤਕਰੇ ਸ਼ਾਮਿਲ ਹੁੰਦੇ ਹਨ। ਪੰਜਾਬ ਵਿਚ ਵੀ ਤੇ ਵਿਦੇਸ਼ਾਂ ਵਿਚ ਵੀ ਪ੍ਰਵਾਸੀ ਅਕਸਰ ਨਿਮਨ ਵਰਗ ਸਮਾਜਿਕ-ਆਰਥਿਕ ਪਿਛੋਕੜ ਤੋਂ ਆਉਂਦੇ ਹਨ, ਜਿਸ ਕਾਰਨ ਉਨ੍ਹਾਂ ਵਿਚ ਗ਼ਰੀਬੀ ਤੇ ਅਸਮਾਨਤਾ ਨਾਲ ਜੁੜੀ ਮਨੋਦਸ਼ਾ ਵਿਕਸਿਤ ਹੁੰਦੀ ਹੈ। ਇਕ ਅਧਿਐਨ ਵਿਚ ਦੱਸਿਆ ਗਿਆ ਹੈ ਕਿ 47.9% ਪ੍ਰਵਾਸੀ ਮਜ਼ਦੂਰਾਂ ਨੂੰ ਮਾਨਸਿਕ ਸਿਹਤ ਨਾਲ ਜੁੜੀਆਂ ਸਮੱਸਿਆਵਾਂ ਹੁੰਦੀਆਂ ਹਨ। ਉਨ੍ਹਾਂ ਨੂੰ ਘੱਟ ਤਨਖ਼ਾਹ, ਰਹਿਣ ਲਈ ਸਹੂਲਤਾਂ ਦੀ ਘਾਟ ਅਤੇ ਸ਼ੋਸ਼ਣ ਦਾ ਸਾਹਮਣਾ ਕਰਨਾ ਪੈਂਦਾ ਹੈ। ਮਨੋਵਿਗਿਆਨਕ ਮਾਹਿਰਾਂ ਅਨੁਸਾਰ ਆਰਥਿਕ ਅਸਮਾਨਤਾ ਮੂਲ ਕਾਰਨ ਹੈ, ਜੋ ਪ੍ਰਵਾਸੀਆਂ ਨੂੰ ਅਪਰਾਧ ਵੱਲ ਧੱਕਦੀ ਹੈ। ਕੁੱਲ ਮਿਲਾ ਕੇ ਖੋਜ ਦੱਸਦੀ ਹੈ ਕਿ ਅਪਰਾਧ ਪ੍ਰਵਾਸੀਆਂ ਜਾਂ ਕਿਸੇ ਵੀ ਵਿਅਕਤੀ ਸਮੂਹ ਦੇ ਸੁਭਾਅ ਵਿਚ ਨਹੀਂ ਹੁੰਦੇ, ਸਗੋਂ ਇਹ ਸਮਾਜਿਕ ਤਰੁੱਟੀਆਂ ਤੇ ਅਸਮਾਨਤਾਵਾਂ ਕਾਰਨ ਹੁੰਦੇ ਹਨ। ਜੇ ਸਮਾਜ ਵਿਚ ਸਭ ਨੂੰ ਮਿਲਜੁਲ ਕੇ ਸਨਮਾਨ ਨਾਲ ਜਿਊਣ ਦੇ ਮੌਕੇ ਮਿਲਣ ਤਾਂ ਅਪਰਾਧ ਘਟਾਏ ਜਾ ਸਕਦੇ ਹਨ।

ਸੋ, ਇਕ ਕੁਦਰਤੀ ਪ੍ਰਵਿਰਤੀ ਤੇ ਲੋੜ ਹੋਣ ਕਾਰਨ ਦੁਨੀਆ ਦੇ ਕਿਸੇ ਵੀ ਖ਼ਿੱਤੇ ਵਿਚ ਪ੍ਰਵਾਸ ਨੂੰ ਮੁਕੰਮਲ ਰੂਪ ਵਿਚ ਰੋਕਿਆ ਨਹੀਂ ਜਾ ਸਕਦਾ, ਇਸ ਕਰਕੇ ਵਿਸ਼ਵ ਭਰ ਵਿਚ ਇਸ ਮੁੱਦੇ ਨੂੰ ਠੀਕ ਢੰਗ ਨਾਲ ਮੁਖ਼ਾਤਬ ਹੋਣ ਲਈ ਸੰਤੁਲਿਤ ਸੋਚ ਤੇ ਸਿੱਟਾਮੁਖੀ ਨੀਤੀਆਂ ਦੀ ਲੋੜ ਹੈ। ਪੰਜਾਬ ਵਿਚ ਪ੍ਰਵਾਸੀਆਂ ਦੀ ਰਜਿਸਟ੍ਰੇਸ਼ਨ, ਪਿਛੋਕੜ ਦੀ ਪੜਤਾਲ, ਕੰਮਕਾਜ ਦੀ ਉਪਲਬਧਤਾ ਮੁਤਾਬਿਕ ਆਮਦ ਸੰਬੰਧੀ ਸਰਕਾਰੀ ਨੀਤੀ ਬਣਾ ਕੇ ਅਤੇ ਪੰਜਾਬ ਦੇ ਸੱਭਿਆਚਾਰ, ਆਬਾਦੀ, ਸਮਾਜਿਕ ਤਾਣੇ-ਬਾਣੇ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਦਿਸ਼ਾ 'ਚ ਯੋਗ ਸਰਕਾਰੀ ਪਹਿਲਕਦਮੀਆਂ ਨਾਲ ਪ੍ਰਵਾਸ ਨੂੰ ਸੁਖਾਵਾਂ ਤੇ ਲਾਭਦਾਇਕ ਬਣਾਇਆ ਜਾ ਸਕਦਾ ਹੈ।

*-ਮੋਬਾ: 98780-70008*

# ਕਿਸਾਨਾਂ ਦੇ ਉਲਝੇ ਮਸਲਿਆਂ ਵੱਲ ਧਿਆਨ ਦੇਵੇ ਸਰਕਾਰ



**ਖੇਤੀਬਾੜੀ** ਰੁਜ਼ਗਾਰ ਦਾ ਸਭ ਤੋਂ ਵੱਡਾ ਸਾਧਨ ਹੈ। ਸਿੱਧੇ ਤੇ ਅਸਿੱਧੇ ਢੰਗ ਨਾਲ 70 ਫ਼ੀਸਦੀ ਆਬਾਦੀ ਨੂੰ ਖੇਤੀ ਰੁਜ਼ਗਾਰ ਮੁਹੱਈਆ ਕਰਦੀ ਹੈ। ਆਮਦਨ ਵਧਾਉਣ ਲਈ ਖੇਤੀਬਾੜੀ ਕਿੱਤਿਆਂ 'ਚ ਆਮਦਨੀ ਵਧਾਉਣੀ ਪਵੇਗੀ। ਪੰਜਾਬ ਦੀ ਆਰਥਿਕਤਾ ਦਾ ਆਧਾਰ ਤਾਂ ਹੈ ਹੀ ਖੇਤੀ ਤੇ ਜਿਣਸਾਂ ਦਾ ਮੰਡੀਕਰਨ। ਜਿਣਸਾਂ ਦੀਆਂ ਕੀਮਤਾਂ ਤੇ ਫ਼ਸਲਾਂ ਦੀ ਉਤਪਾਦਕਤਾ ਤੇ ਹਰੇ-ਭਰੇ ਖੇਤ ਹੀ ਇਸ ਦੀ ਆਰਥਿਕਤਾ ਦਾ ਧੁਰਾ ਹਨ। ਜੇ ਇਕ ਸਾਲ ਫ਼ਸਲਾਂ ਖ਼ਰਾਬ ਹੋ ਜਾਣ ਤਾਂ ਆਮ ਕਿਸਾਨਾਂ 'ਚ ਮੰਦਹਾਲੀ ਦਾ ਮਾਹੌਲ ਬਣ ਜਾਂਦਾ ਹੈ। ਇਸ ਸਾਲ ਤਾਂ ਭਾਰੀ ਮੀਹਾਂ, ਹੜ੍ਹਾਂ, ਚਾਈਨਾ ਵਾਇਰਸ (ਬੂਟਿਆਂ ਦੇ ਮਧਰੇਪਣ ਦੀ ਬਿਮਾਰੀ), ਝੁਲਸ ਰੋਗ ਤੇ ਹਲਦੀ ਰੋਗ ਨੇ ਖ਼ਰੀਫ਼ ਦੀ ਮੁੱਖ ਫ਼ਸਲ ਝੋਨੇ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਬਾਸਮਤੀ ਨੂੰ ਹੋਰ ਵੀ ਸੱਟ ਲੱਗੀ ਹੈ। ਇਸ ਦੀ ਗੁਣਵੱਤਾ ਖ਼ਰਾਬ ਹੋ ਗਈ ਹੈ, ਜਿਸ ਕਾਰਨ ਇਸ ਦਾ ਭਾਅ ਕਿਸਾਨਾਂ ਨੂੰ ਲਾਹੇਵੰਦ ਨਹੀਂ ਮਿਲ ਰਿਹਾ।

ਵਿਗਿਆਨੀਆਂ ਨੂੰ ਕਿਸਾਨਾਂ ਦੀ ਮਦਦ ਕਰਨ ਦੀ ਲੋੜ ਹੈ ਕਿ ਉਹ ਉਨ੍ਹਾਂ ਨੂੰ ਹਾੜ੍ਹੀ ਵਿਸ਼ੇਸ਼ ਕਰਕੇ ਕਣਕ ਜੋ ਸੀਜ਼ਨ ਦੀ ਮੁੱਖ ਫ਼ਸਲ ਹੈ, ਤੋਂ ਵੱਧ ਤੋਂ ਵੱਧ ਮੁਨਾਫ਼ਾ ਲੈਣ ਲਈ ਖੋਜ ਕਰ ਕੇ ਸੇਧ ਦੇਣ। ਉਨ੍ਹਾਂ ਨੂੰ ਸਹੀ ਤੌਰ 'ਤੇ ਦੱਸਣ ਕਿ ਬਿਜਾਈ ਲਈ ਕਿਸ ਸਮੇਂ ਕਿਹੜੀ ਕਿਸਮ ਲਗਾਉਣ ਤਾਂ ਜੋ ਉਨ੍ਹਾਂ ਨੂੰ ਵੱਧ ਤੋਂ ਵੱਧ ਝਾੜ ਦੀ ਪ੍ਰਾਪਤੀ ਹੋਵੇ ਅਤੇ ਮੁਨਾਫ਼ਾ ਮਿਲੇ। ਮੰਡੀ 'ਚ ਝੋਨੇ ਦੀ ਆਮਦ ਦਾ 185 ਲੱਖ ਟਨ ਅਨੁਮਾਨ ਲਗਾਇਆ ਜਾ ਰਿਹਾ ਸੀ, ਜਿਸ ਨੂੰ ਘਟਾ ਕੇ 170-175 ਲੱਖ ਟਨ ਕਰ ਦਿੱਤਾ ਗਿਆ। ਇਸ 'ਚੋਂ ਅਜੇ ਮਸ੍ਹਾਂ 25-30 ਫ਼ੀਸਦੀ ਝੋਨਾ ਹੀ ਮੰਡੀਆਂ 'ਚ ਵਿਕਣ ਲਈ ਆਇਆ ਹੈ। ਝੋਨੇ ਦੀ ਕਟਾਈ ਦੇਰੀ ਨਾਲ ਹੋਣ ਕਾਰਨ ਤੇ ਫ਼ਸਲ ਅਜੇ ਖੇਤਾਂ 'ਚ ਖੜ੍ਹੀ ਹੋਣ ਕਾਰਨ ਕਣਕ ਦੀ ਬਿਜਾਈ ਵੀ ਪਛੇਤੀ ਪੈ ਜਾਵੇਗੀ, ਜਿਸ ਕਾਰਨ ਉਤਪਾਦਕਤਾ ਘਟੇਗੀ। ਵਿਗਿਆਨੀਆਂ ਨੂੰ ਇਸ ਲਈ ਵੀ ਲੋੜੀਂਦੀ ਜਾਣਕਾਰੀ ਕਿਸਾਨਾਂ ਨੂੰ ਦੇਣ ਦੀ ਲੋੜ ਹੈ।

ਖੋਜ ਲਈ ਝੋਨੇ ਤੇ ਕਣਕ ਤੋਂ ਇਲਾਵਾ ਤੇਲ ਬੀਜਾਂ, ਦਾਲਾਂ ਆਦਿ ਦੇ ਖੇਤਰਾਂ ਨੂੰ ਮਜ਼ਬੂਤ ਕੀਤੇ ਜਾਣ ਦੀ ਲੋੜ ਤਾਂ ਹੈ ਹੀ, ਪਰ ਇਸ ਸਾਲ ਵਿਗਿਆਨੀਆਂ ਨੂੰ ਕਣਕ ਦੀ ਕਾਸ਼ਤ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ, ਤਾਂ ਜੋ ਜਿੱਥੋਂ ਤੱਕ ਹੋ ਸਕੇ ਦੇਰੀ ਨਾਲ ਬਿਜਾਈ ਹੋਣ ਕਾਰਨ ਜਾਂ ਜ਼ਮੀਨ ਦੀ ਉਪਜਾਊ ਸ਼ਕਤੀ ਗਾਰ ਆਦਿ ਵਿੱਛਣ ਦੀ ਵਜ੍ਹਾ ਨਾਲ ਘਟਣ ਸਦਕਾ ਪ੍ਰਤੀ ਹੈਕਟੇਅਰ ਝਾੜ ਪ੍ਰਭਾਵਿਤ ਨਾ ਹੋਵੇ। ਜੋ ਕਿਸਾਨ ਹੁਣ ਝੋਨੇ ਦੀ ਕਟਾਈ ਤੋਂ ਬਾਅਦ ਕਣਕ ਬੀਜਣਗੇ, ਉਹ ਲੋੜ ਅਤੇ ਪੀ.ਏ.ਯੂ. ਦੀਆਂ ਸਿਫ਼ਾਰਸ਼ਾਂ ਤੋਂ ਪਰ੍ਹੇ ਜਾ ਕੇ ਕਣਕ ਲਈ ਯੂਰੀਆ ਤੇ ਡੀ.ਏ.ਪੀ ਪਾਈ ਜਾਣਗੇ। ਯੂਰੀਆ ਦੇ ਚਾਰ-ਚਾਰ, ਪੰਜ-ਪੰਜ ਥੈਲ੍ਹੇ ਪਾਈ ਜਾਂਦੇ ਹਨ, ਜਦਕਿ ਸਿਫ਼ਾਰਸ਼ ਦੋ ਥੈਲਿਆਂ ਤੋਂ ਥੋੜ੍ਹੀ ਜਿਹੀ ਮਿਕਦਾਰ ਵੱਧ ਦੀ ਕੀਤੀ ਗਈ ਹੈ। ਨਾਈਟਰੋਜਨ ਯੂਰੀਆ ਵੱਧ ਪਾਉਣ ਨਾਲ ਅਸਲ 'ਚ ਕਈ ਸਮੱਸਿਆਵਾਂ ਆਉਂਦੀਆਂ ਹਨ। ਕੀੜੇ-ਮਕੌੜੇ ਅਤੇ ਬਿਮਾਰੀਆਂ ਦਾ ਫ਼ਸਲ ਨੂੰ ਸਾਹਮਣਾ ਕਰਨਾ ਪੈਂਦਾ ਹੈ। ਕਿਸਾਨਾਂ ਨੂੰ ਨਦੀਨਨਾਸ਼ਕਾਂ ਅਤੇ ਕੀਟਨਾਸ਼ਕਾਂ ਦੇ ਵਧੇਰੇ ਸਪਰੇਅ ਕਰਨੇ ਪੈਂਦੇ ਹਨ, ਜਿਨ੍ਹਾਂ 'ਤੇ ਵਾਧੂ ਖ਼ਰਚ ਆਉਂਦਾ ਹੈ।



ਭਗਵਾਨ ਦਾਸ

ਕਿਸਾਨਾਂ 'ਚ ਵਧੇਰੇ ਛੋਟੇ ਤੇ ਦਰਮਿਆਨੇ ਕਿਸਾਨ ਹਨ। ਇਨ੍ਹਾਂ ਦੀ ਆਮਦਨ ਵਧਾਉਣ ਲਈ ਮੰਡੀਕਰਨ 'ਚ ਵੀ ਸੁਧਾਰ ਲਿਆਉਣ ਦੀ ਲੋੜ ਹੈ। ਇੱਕ ਤਾਂ ਉਤਪਾਦਕਤਾ ਘਟੀ ਅਤੇ ਦੂਜੇ ਕਿਸਾਨਾਂ ਨੂੰ ਮੰਡੀਆਂ 'ਚ ਝੋਨੇ ਦਾ ਘੱਟੋ-ਘੱਟ ਸਮਰਥਨ ਮੁੱਲ ਵੀ ਨਹੀਂ ਮਿਲ ਰਿਹਾ, ਜਿਸ ਨਾਲ ਉਨ੍ਹਾਂ ਦੀ ਹਾਲਤ ਹੋਰ ਪਤਲੀ ਹੁੰਦੀ ਜਾਂਦੀ ਹੈ। ਗ਼ੈਰ-ਖੇਤੀ ਖੇਤਰ ਵੀ ਕਿਸਾਨਾਂ ਦੀ ਆਮਦਨ ਨੂੰ ਪ੍ਰਭਾਵਿਤ ਕਰਦਾ ਹੈ। ਇਸ ਲਈ ਆਮਦਨ ਦਾ ਫੈਲਾਅ ਖੇਤੀ ਅਤੇ ਗ਼ੈਰ-ਖੇਤੀ ਖੇਤਰ ਦੋਹਾਂ 'ਚ ਹੋਣਾ ਚਾਹੀਦਾ ਹੈ। ਗ਼ੈਰ-ਖੇਤੀ ਖੇਤਰ ਵਿਚ ਜੇ ਆਮਦਨ ਵਧੇਗੀ ਤਾਂ ਖੇਤੀ ਪਦਾਰਥਾਂ ਦੀ ਮੰਗ ਵਧੇਗੀ ਅਤੇ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦੀ ਯੋਗ ਕੀਮਤ ਮਿਲੇਗੀ। ਰਹਿਣ-ਸਹਿਣ ਦਾ ਮਿਆਰ ਵਧਣ ਕਾਰਨ ਅਨਾਜ ਦੀ ਖਪਤ ਘਟ ਗਈ ਹੈ ਅਤੇ ਸਬਜ਼ੀਆਂ, ਫਲ਼ਾਂ, ਮੱਛੀ, ਅੰਡੇ ਅਤੇ ਡੇਅਰੀ ਪਦਾਰਥਾਂ ਦੀ ਮੰਗ ਵਧ ਗਈ ਹੈ। ਖੇਤੀ ਪਦਾਰਥਾਂ ਦੀ ਯੋਗ ਕੀਮਤ ਕਿਸਾਨਾਂ ਨੂੰ ਮਿਲੇ, ਇਸ ਲਈ ਪ੍ਰੋਸੈਸਿੰਗ ਸਹੂਲਤਾਂ ਦਾ ਵਿਕਾਸ ਵੀ ਹੋਣਾ ਜ਼ਰੂਰੀ ਹੈ। ਖੇਤੀ ਵਿਚ ਸਰਕਾਰੀ ਲਾਗਤ ਲੋੜੀਂਦੀ ਪੱਧਰ ਦੇ ਮੁਤਾਬਿਕ ਨਹੀਂ, ਇਸ ਲਈ ਨਿੱਜੀ ਖੇਤਰ 'ਚ ਲਾਗਤ ਵਧਾਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਨਿੱਜੀ ਖੇਤਰ ਵਿਚ ਲਾਗਤ ਤਾਂ ਹੀ ਵਧੇਗੀ, ਜੇ ਖੇਤੀ ਆਧਾਰਿਤ ਉਦਯੋਗਾਂ ਦੀਆਂ ਸਹੂਲਤਾਂ 'ਚ ਸੁਧਾਰ ਆਵੇਗਾ। ਅਨਾਜ ਦੀ ਪੈਦਾਵਾਰ ਲਗਭਗ ਹਰ ਮੁਲਕ ਵਿਚ ਵਧ ਰਹੀ ਹੈ। ਦਰਾਮਦ ਤੇ ਬਰਾਮਦ ਦਾ ਘੇਰਾ ਬੜਾ ਸੀਮਤ ਹੈ, ਕਿਉਂਕਿ ਦੂਜੇ ਦੇਸ਼ਾਂ ਦੇ ਉਤਪਾਦਨ ਤੇ ਉਤਪਾਦਕਤਾ ਵਿਚ ਵੀ ਇਜ਼ਾਫ਼ਾ ਹੋ ਰਿਹਾ ਹੈ। ਉਨ੍ਹਾਂ ਦੀ ਕਣਕ, ਝੋਨੇ ਦੀ ਅੰਤਰਰਾਸ਼ਟਰੀ ਕੀਮਤ ਘਰੇਲੂ ਐਮ.ਐੱਸ.ਪੀ. ਨਾਲੋਂ ਘੱਟ ਹੈ। ਬਾਸਮਤੀ ਦੀ ਬਰਾਮਦ ਵਧਾਉਣ ਦੀ ਕਾਫ਼ੀ ਗੁੰਜਾਇਸ਼ ਹੈ ਪਰ ਬਾਸਮਤੀ ਦੀ ਗੁਣਵੱਤਾ 'ਤੇ ਜ਼ੋਰ ਦੇਣਾ ਜ਼ਰੂਰੀ ਹੈ।

ਭੰਡਾਰ ਦੀਆਂ ਸਹੂਲਤਾਂ ਨਾ ਹੋਣ ਕਾਰਨ ਅਨਾਜ ਦਾ ਕਾਫ਼ੀ ਹਿੱਸਾ ਖ਼ਰਾਬ ਹੋ ਜਾਂਦਾ ਹੈ, ਜੋ ਯੋਗ ਪੌਂਦ ਸੁਰੱਖਿਆ ਨਾਲ ਹੀ ਬਚਾਇਆ ਜਾ ਸਕਦਾ ਹੈ। ਭਾਵੇਂ ਭਾਰਤ ਵਿਸ਼ਵ ਦਾ ਚੌਥਾ ਵੱਡਾ ਖੇਤੀ ਕੀਟਨਾਸ਼ਕਾਂ ਦਾ ਨਿਰਮਾਤਾ ਹੈ ਅਤੇ ਇਨ੍ਹਾਂ ਨੂੰ ਬਰਾਮਦ ਵੀ ਕਰਦਾ ਹੈ, ਪਰ ਕੀਟਨਾਸ਼ਕਾਂ ਦੀ ਵਰਤੋਂ ਇੱਥੇ ਦੂਜੇ ਮੁਲਕਾਂ ਦੇ ਮੁਕਾਬਲੇ ਸੂਝ-ਬੂਝ ਅਤੇ ਸਹੀ ਮਿਕਦਾਰ 'ਚ ਨਹੀਂ ਕੀਤੀ ਜਾਂਦੀ। ਇਸ ਲਈ ਕਿਸਾਨਾਂ ਨੂੰ ਯੋਗ ਅਗਵਾਈ ਤੇ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ। ਖੇਤੀ ਪ੍ਰਸਾਰ ਸੇਵਾ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੂੰ ਆਪਣੀਆਂ ਸੇਵਾਵਾਂ ਨਿਪੁੰਨ ਬਣਾ ਕੇ ਇਨ੍ਹਾਂ ਵਿਚ ਵਾਧਾ ਕੀਤਾ ਜਾਣਾ ਚਾਹੀਦਾ ਹੈ। ਕੀਟਨਾਸ਼ਕਾਂ ਦੀ ਵਰਤੋਂ ਸੰਬੰਧੀ ਸੋਚ ਵਿਚ ਸੁਧਾਰ ਲਿਆਉਣ ਦੀ ਲੋੜ ਹੈ। ਕਿਸਾਨਾਂ ਦੇ ਮਸਲੇ ਸਾਉਣੀ ਦੀ ਮੁੱਖ ਫ਼ਸਲ ਝੋਨਾ ਤੇ ਬਾਸਮਤੀ ਦੇ ਖ਼ਰਾਬੇ ਕਾਰਨ ਉਲਝਣ ਵਾਲੀ ਸਥਿਤੀ ਵਿਚ ਹਨ। ਇਨ੍ਹਾਂ ਵੱਲ ਸਰਕਾਰ ਨੂੰ ਵਿਸ਼ੇਸ਼ ਧਿਆਨ ਦੇ ਕੇ ਕਿਸਾਨਾਂ ਦੇ ਨੁਕਸਾਨ ਦੀ ਪੂਰਤੀ ਕਰਨੀ ਚਾਹੀਦੀ ਹੈ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੂੰ ਮਜ਼ਬੂਤ ਕਰ ਕੇ ਕਿਸਾਨਾਂ 'ਚ ਹਾੜ੍ਹੀ ਦੀਆਂ ਫ਼ਸਲਾਂ, ਵਿਸ਼ੇਸ਼ ਕਰਕੇ ਕਣਕ ਦੇ ਬਿਹਤਰ ਉਤਪਾਦਨ ਲਈ ਯੋਗ ਅਗਵਾਈ ਕਰਨ ਦੀ ਲੋੜ ਹੈ।

ਈ-ਮੇਲ : bhagwandass226@gmail.com

# ਏਨੇ ਵੀ ਬਿਮਾਰ ਨਹੀਂ ਹਨ ਨਿਤਿਸ਼ ਕੁਮਾਰ !

**ਬਿਹਾਰ** ਦੀ ਰਾਜਨੀਤੀ ਨੂੰ ਲੈ ਕੇ ਇਸ ਗੱਲ ਦੀ ਬਹੁਤ ਚਰਚਾ ਹੋਈ ਹੈ ਕਿ ਮੁੱਖ ਮੰਤਰੀ ਨਿਤਿਸ਼ ਕੁਮਾਰ ਦੀ ਸਿਹਤ ਖ਼ਰਾਬ ਹੈ ਤੇ ਉਹ ਵਿਧਾਨ ਸਭਾ ਚੋਣਾਂ ਦੀ ਅਗਵਾਈ ਕਰਨ 'ਚ ਅਸਮਰੱਥ ਹਨ ਪਰ ਜਦ ਐਨ.ਡੀ.ਏ. ਦੀਆਂ ਸਹਿਯੋਗੀ ਪਾਰਟੀਆਂ ਵਿਚਾਲੇ ਸੀਟਾਂ ਦੀ ਵੰਡ ਤੇ ਟਿਕਟਾਂ ਦੀ ਵਾਰੀ ਆਈ ਤਾਂ ਨਿਤਿਸ਼ ਨੇ ਦੱਸ ਦਿੱਤਾ ਕਿ ਉਹ ਏਨੇ ਬਿਮਾਰ ਵੀ ਨਹੀਂ ਹਨ, ਜਿੰਨਾ ਸਮਝਿਆ ਜਾ ਰਿਹਾ ਹੈ। ਪਹਿਲਾਂ ਤਾਂ ਸੀਟਾਂ ਦੀ ਵੰਡ ਬਾਰੇ ਆਪਣੀ ਪਾਰਟੀ ਨਾਲ ਨਜਿੱਠਣ ਦੀ ਤਿਆਰੀ ਨੂੰ ਉਨ੍ਹਾਂ ਨੇ ਸਮਾਂ ਰਹਿੰਦਿਆਂ ਮਹਿਸੂਸ ਕੀਤਾ ਅਤੇ ਚਿਰਾਗ ਪਾਸਵਾਨ ਨੂੰ ਦਿੱਤੀਆਂ ਜਾ ਰਹੀਆਂ ਸੀਟਾਂ 'ਤੇ ਰੋਕ ਲਾਈ।



ਅਸਲ ਵਿਚ ਭਾਜਪਾ ਤੇ ਜਨਤਾ ਦਲ (ਯੂ) ਦੇ ਕੁਝ ਆਗੂਆਂ ਨੇ ਸਹਿਮਤੀ ਨਾਲ ਚਿਰਾਗ ਨੂੰ 29 ਸੀਟਾਂ ਦੇ ਦਿੱਤੀਆਂ। ਇਸ ਦਾ ਸਿੱਧਾ ਉਦੇਸ਼ ਚਿਰਾਗ ਦੀਆਂ ਵੱਧ ਸੀਟਾਂ 'ਤੇ ਜਿੱਤ ਨਿਸਚਿਤ ਕਰਨਾ ਸੀ ਤਾਂ ਕਿ ਚੋਣਾਂ ਤੋਂ ਬਾਅਦ ਨਿਤਿਸ਼ ਖ਼ਿਲਾਫ਼ ਉਸ ਨੂੰ ਵਰਤਿਆ ਜਾ ਸਕੇ। ਉਨ੍ਹਾਂ 29 ਸੀਟਾਂ ਦੀ ਸੂਚੀ ਵੀ ਜਾਰੀ ਕੀਤੀ ਗਈ, ਜਿਸ 'ਚ ਜਨਤਾ ਦਲ (ਯੂ) ਦੀਆਂ ਜਿੱਤੀਆਂ ਹੋਈਆਂ ਸੀਟਾਂ ਵੀ ਸ਼ਾਮਿਲ ਸਨ। ਇਸ 'ਤੇ ਨਿਤਿਸ਼ ਭੜਕ ਗਏ ਤੇ ਉਨ੍ਹਾਂ ਨੇ ਇਕ ਪਾਸੜ ਤਰੀਕੇ ਨਾਲ ਆਪਣੇ ਉਮੀਦਵਾਰਾਂ ਨੂੰ ਚੋਣ ਚਿੰਨ ਦੇ ਪੱਤਰ ਦੇਣੇ ਸ਼ੁਰੂ ਕਰ ਦਿੱਤੇ। ਨਿਤਿਸ਼ ਨੇ ਉਨ੍ਹਾਂ ਸਭ ਸੀਟਾਂ 'ਤੇ ਚੋਣ ਚਿੰਨ੍ਹ ਵੰਡੇ, ਜੋ ਚਿਰਾਗ ਨੂੰ ਦਿੱਤੀ ਜਾਣ ਵਾਲੀ ਸੂਚੀ ਵਿਚ ਸ਼ਾਮਿਲ ਸਨ। ਇਸ ਤਰ੍ਹਾਂ ਉਨ੍ਹਾਂ ਨੇ ਪਹਿਲਾ ਦਾਅ ਫੇਲ੍ਹ ਕਰ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਨੇ ਜਿਸ ਤਰ੍ਹਾਂ ਨਾਲ ਉਮੀਦਵਾਰਾਂ ਦੀ ਚੋਣ ਕੀਤੀ, ਉਹ ਰਾਜਨੀਤਕ ਸ਼ਿਲਪਕਾਰੀ ਦੀ ਮਿਸਾਲ ਹੈ। ਸਮਾਜਿਕ ਸਮੀਕਰਨਾਂ ਦੇ ਪੱਖ ਤੋਂ ਨਿਤਿਸ਼ ਨੇ ਬਿਹਾਰ ਦੀਆਂ ਸਭ ਪਾਰਟੀਆਂ ਨਾਲੋਂ ਬਿਹਤਰ ਟਿਕਟ ਵੰਡ ਕੀਤੀ ਹੈ।

### ਆਖ਼ਰ ਕੀਰਤੀ ਨੂੰ ਮਿਲੀ ਰਾਹਤ

ਕਾਂਗਰਸ ਦੇ ਸੀਨੀਅਰ ਨੇਤਾ ਤੇ ਸਾਬਕਾ ਕੇਂਦਰੀ ਮੰਤਰੀ ਪੀ. ਚਿਦੰਬਰਮ ਨੇ ਹਾਲ ਹੀ 'ਚ ਕਾਂਗਰਸ ਨੂੰ ਸ਼ਰਮਿੰਦਾ ਕਰਨ ਵਾਲੇ ਜੋ ਬਿਆਨ ਦਿੱਤੇ ਹਨ, ਉਸ ਦਾ ਫਲ ਉਨ੍ਹਾਂ ਨੂੰ ਮਿਲਣ ਲੱਗਾ ਹੈ। ਉਨ੍ਹਾਂ ਦੇ ਬੇਟੇ ਸੰਸਦ ਮੈਂਬਰ ਕੀਰਤੀ ਚਿਦੰਬਰਮ ਨੂੰ ਅਦਾਲਤ ਤੋਂ ਵੱਡੀ ਰਾਹਤ ਮਿਲੀ ਹੈ। ਉਹ ਆਈ.ਐਨ.ਐਕਸ. ਮੀਡੀਆ ਘੁਟਾਲੇ ਸਮੇਤ ਕਈ ਹੋਰ ਘੁਟਾਲਿਆਂ 'ਚ ਦੋਸ਼ੀ ਹੈ ਤੇ ਉਹ ਕੁਝ ਸਮਾਂ ਜੇਲ੍ਹ 'ਚ ਵੀ ਗੁਜ਼ਾਰ ਚੁੱਕਾ ਹੈ। ਉਸ ਦਾ ਪਾਸਪੋਰਟ ਪਹਿਲਾਂ ਅਦਾਲਤ ਵਿਚ ਜਮ੍ਹਾਂ ਕਰਵਾਇਆ ਗਿਆ ਸੀ। ਹੁਣ ਵੀ ਉਸ ਨੂੰ ਵਿਦੇਸ਼ ਜਾਣ ਲਈ ਪਹਿਲਾਂ ਅਦਾਲਤ ਦੀ ਮਨਜ਼ੂਰੀ ਲੈਣੀ ਪੈਂਦੀ ਹੈ। ਦਿੱਲੀ ਹਾਈ ਕੋਰਟ ਨੇ ਇਸ ਮਾਮਲੇ 'ਚ ਉਸ ਨੂੰ ਰਾਹਤ ਦਿੰਦਿਆਂ ਵਿਦੇਸ਼ ਯਾਤਰਾ ਦੀ ਅਗਾਊਂ ਮਨਜ਼ੂਰੀ ਦੀ ਸ਼ਰਤ ਹਟਾ ਦਿੱਤੀ ਹੈ। ਅਦਾਲਤ ਦੇ ਫ਼ੈਸਲੇ 'ਤੇ ਕੋਈ ਸਵਾਲ ਨਹੀਂ ਹੈ ਪਰ ਕੀਰਤੀ ਨੂੰ ਮਿਲੀ ਰਾਹਤ ਦੇ ਸਮੇਂ ਅਤੇ ਕੇਂਦਰੀ ਏਜੰਸੀਆਂ ਦੀ ਭੂਮਿਕਾ 'ਤੇ ਸਵਾਲ ਜ਼ਰੂਰ ਉੱਠ ਰਹੇ ਹਨ। ਏਜੰਸੀਆਂ ਨੇ ਕੀਰਤੀ ਨੂੰ ਮਿਲਣ ਵਾਲੀ ਇਸ ਛੋਟ ਦਾ ਅਦਾਲਤ ਦੇ ਸਾਹਮਣੇ ਕੋਈ ਵਿਰੋਧ ਨਹੀਂ ਕੀਤਾ। ਇਹ ਛੋਟ ਉਸ ਨੂੰ ਅਜਿਹੇ ਸਮੇਂ 'ਚ ਮਿਲੀ ਹੈ, ਜਦ ਉਸ ਦੇ ਪਿਤਾ ਨੇ ਕਾਂਗਰਸ ਨੂੰ ਮੁਸ਼ਕਿਲ ਵਿਚ ਪਾ ਦੇਣ ਵਾਲਾ ਬਿਆਨ ਦਿੱਤੇ। ਪੀ. ਚਿਦੰਬਰਮ ਨੇ ਆਪਣੇ ਇਕ ਬਿਆਨ ਨਾਲ ਕਾਂਗਰਸ ਨੂੰ ਹਮੇਸ਼ਾ ਵਿਦੇਸ਼ੀ ਦਬਾਅ ਹੇਠ ਝੁਕਣ ਵਾਲੀ ਪਾਰਟੀ ਵਜੋਂ ਸਥਾਪਤ ਕਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ 2008 'ਚ ਮੁੰਬਈ 'ਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਨੇ ਅਮਰੀਕੀ ਦਬਾਅ ਕਾਰਨ ਪਾਕਿਸਤਾਨ ਖ਼ਿਲਾਫ਼ ਕਾਰਵਾਈ ਨਹੀਂ ਕੀਤੀ। ਇਸੇ ਤਰ੍ਹਾਂ 1984 ਦੇ ਸਾਕਾ ਨੀਲਾ ਤਾਰਾ ਨੂੰ ਲੈ ਕੇ ਵੀ ਉਨ੍ਹਾਂ ਕਿਹਾ ਕਿ ਇਹ ਗਲਤ ਫ਼ੈਸਲਾ ਸੀ, ਜਿਸ ਦੀ ਕੀਮਤ ਇੰਦਰਾ ਗਾਂਧੀ ਨੂੰ ਆਪਣੀ ਜਾਨ ਦੇ ਕੇ ਚੁਕਾਉਣੀ ਪਈ। ਹੋ ਸਕਦਾ ਹੈ ਕਿ ਆਉਂਦੇ ਦਿਨਾਂ 'ਚ ਉਹ ਕਾਂਗਰਸ ਨੂੰ ਨੁਕਸਾਨ ਪਹੁੰਚਾਉਣ ਵਾਲੇ ਹੋਰ ਵੀ ਬਿਆਨ ਦੇਣ।






ਅਨਿਲ ਜੈਨ

### ਅਸਾਮ 'ਚ ਭਾਜਪਾ ਨੂੰ ਇਕ ਹੋਰ ਝਟਕਾ

ਅਸਾਮ 'ਚ ਬੋਡੋਲੈਂਡ ਖੇਤਰੀ ਪ੍ਰੀਸ਼ਦ ਦੀਆਂ ਚੋਣਾਂ 'ਚ ਭਾਜਪਾ ਤੇ ਉਸ ਦੀ ਸਹਿਯੋਗੀ ਯੂ.ਪੀ.ਪੀ.ਐੱਲ. ਦੀ ਹਾਰ ਤੋਂ ਬਾਅਦ ਸੱਤਾਧਾਰੀ ਭਾਜਪਾ ਨੂੰ ਇਕ ਹੋਰ ਵੱਡਾ ਝਟਕਾ ਲੱਗਾ ਹੈ। ਪਾਰਟੀ ਦੇ ਚਾਰ ਵਾਰ ਦੇ ਸੰਸਦ ਮੈਂਬਰ ਤੇ ਮੋਦੀ ਸਰਕਾਰ 'ਚ ਰੇਲ ਰਾਜ ਮੰਤਰੀ ਰਹੇ ਰਾਜਨ ਗੋਹੇਨ ਨੇ ਪਾਰਟੀ ਛੱਡ ਦਿੱਤੀ ਹੈ। ਉਨ੍ਹਾਂ ਨੇ ਦੋਸ਼ ਲਾਇਆ ਹੈ ਕਿ ਭਾਜਪਾ ਸਰਕਾਰ 'ਚ ਅਸਾਮੀ ਲੋਕਾਂ ਦੇ ਅਕਸ ਦਾ ਅਪਮਾਨ ਹੋ ਰਿਹਾ ਹੈ ਅਤੇ ਅਸਾਮੀ ਸੱਭਿਆਚਾਰ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਇਹ ਬਹੁਤ ਵੱਡਾ ਦੋਸ਼ ਹੈ ਕਿਉਂਕਿ ਅਸਾਮ 'ਚ ਭਾਸ਼ਾ ਤੇ ਸੱਭਿਆਚਾਰਕ ਪਛਾਣ ਨੂੰ ਲੈ ਕੇ ਲੋਕ ਬੇਹੱਦ ਭਾਵੁਕ ਹਨ। ਅਸਾਮ ਕਾਰਨ ਹੀ ਕੇਂਦਰ ਨੇ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) 'ਤੇ ਅਮਲ ਨੂੰ ਕਾਫ਼ੀ ਸਮੇਂ ਤੱਕ ਰੋਕ ਰੱਖਿਆ ਸੀ ਕਿਉਂਕਿ ਉੱਥੇ ਮੰਨਿਆ ਜਾ ਰਿਹਾ ਸੀ ਕਿ ਸੀ.ਏ.ਏ. ਲਾਗੂ ਹੋਣ ਨਾਲ ਅਸਾਮ 'ਚ ਬੰਗਲਾ ਭਾਸ਼ਾ ਤੇ ਸੰਸਕ੍ਰਿਤੀ ਮਜ਼ਬੂਤ ਹੋਵੇਗੀ, ਜਦਕਿ ਅਸਾਮੀ ਸੰਸਕ੍ਰਿਤੀ ਕਮਜ਼ੋਰ ਹੋ ਜਾਵੇਗੀ। ਰਾਜਨ ਗੋਹੇਨ ਨੇ ਅਹੋਮ ਸੰਸਕ੍ਰਿਤੀ ਦੇ ਸਤਿਕਾਰ ਦੀ ਗੱਲ ਉਠਾਈ ਹੈ। ਯਾਦ ਰਹੇ ਕਿ ਕੁਝ ਦਿਨ ਪਹਿਲਾਂ ਸਰਕਾਰ ਦੇ ਇਕ ਫ਼ੈਸਲੇ ਨੂੰ ਲੈ ਕੇ ਸੂਬਾ ਕਾਂਗਰਸ ਪ੍ਰਧਾਨ ਗੌਰਵ ਗੋਗੋਈ ਨੇ ਵੀ ਅਹੋਮ ਸੰਸਕ੍ਰਿਤੀ ਦੇ ਮਾਣ-ਸਨਮਾਨ ਦਾ ਮਾਮਲਾ ਉਠਾਇਆ ਸੀ। ਇਹ ਵੀ ਜ਼ਿਕਰਯੋਗ ਹੈ ਕਿ ਅਸਾਮ ਦੇ ਲੋਕ ਅਹੋਮ ਸਾਮਰਾਜ ਦੇ ਮਾਣ ਨਾਲ ਜਿਊਂਦੇ ਹਨ ਪਰ ਸੂਬੇ ਦੀਆਂ ਕਿਤਾਬਾਂ 'ਚ ਇਕ ਰਣਨੀਤਕ ਸੰਧੀ ਬਾਰੇ ਲਿਖਿਆ ਗਿਆ ਹੈ ਕਿ ਅਹੋਮ ਸੈਨਾ ਹਾਰ ਕੇ ਪਿੱਛੇ ਹਟ ਗਈ ਸੀ। ਇਸ 'ਤੇ ਗੋਗੋਈ ਨੇ ਸਵਾਲ ਚੁੱਕਿਆ ਸੀ। ਹਾਲਾਂਕਿ ਰਾਜਨ ਗੋਹੇਨ ਕਾਂਗਰਸ ਜਾਂ ਕਿਸੇ ਹੋਰ ਪਾਰਟੀ 'ਚ ਜਾਣ ਦੀ ਗੱਲ ਨਹੀਂ ਕਹੀ ਪਰ ਉਸ ਦੇ ਪਾਰਟੀ ਛੱਡਣ ਨਾਲ ਭਾਜਪਾ ਨੂੰ ਨੁਕਸਾਨ ਜ਼ਰੂਰ ਹੋਵੇਗਾ। 6 ਮਹੀਨਿਆਂ ਬਾਅਦ ਹੀ ਅਸਾਮ 'ਚ ਚੋਣਾਂ ਹੋਣ ਵਾਲੀਆਂ ਹਨ।



### ਟਰੰਪ ਨੂੰ ਜਵਾਬ ਦੇਣ 'ਚ ਝਿਜਕ

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਘੱਟੋ-ਘੱਟ 50 ਵਾਰ ਕਹਿ ਚੁੱਕੇ ਹਨ ਕਿ ਉਨ੍ਹਾਂ ਨੇ ਭਾਰਤ ਤੇ ਪਾਕਿਸਤਾਨ 'ਤੇ ਦਬਾਅ ਪਾ ਕੇ ਯੁੱਧ ਰੁਕਵਾਇਆ ਹੈ ਪਰ ਭਾਰਤ ਵਲੋਂ ਇਕ ਵਾਰ ਵੀ ਨਹੀਂ ਕਿਹਾ ਗਿਆ ਕਿ ਟਰੰਪ ਝੂਠ ਬੋਲ ਰਹੇ ਹਨ। ਹੁਣ ਟਰੰਪ ਨੇ ਦਾਅਵਾ ਕੀਤਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਕਿ ਭਾਰਤ ਹੁਣ ਰੂਸ ਤੋਂ ਕੱਚਾ ਤੇਲ ਨਹੀਂ ਖਰੀਦੇਗਾ। ਜਦ ਇਸ ਬਾਰੇ ਵੀ ਪੁੱਛਿਆ ਜਾ ਰਿਹਾ ਹੈ ਤਾਂ ਭਾਰਤ ਸਰਕਾਰ ਵਲੋਂ ਸਿੱਧਾ ਜਵਾਬ ਨਹੀਂ ਦਿੱਤਾ ਜਾ ਰਿਹਾ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਦੋਵਾਂ ਵਿਚਕਾਰ ਲੰਘੇ ਬੁੱਧਵਾਰ ਨੂੰ ਕੋਈ ਗੱਲਬਾਤ ਨਹੀਂ ਹੋਈ, ਜਦਕਿ ਉਨ੍ਹਾਂ ਤੋਂ ਕਿਸੇ ਨੇ ਨਹੀਂ ਪੁੱਛਿਆ ਸੀ ਕਿ ਗੱਲਬਾਤ ਹੋਈ ਜਾਂ ਨਹੀਂ। ਸਵਾਲ ਇਹ ਸੀ ਕਿ ਭਾਰਤ ਨੇ ਅਮਰੀਕਾ ਨੂੰ ਅਜਿਹਾ ਭਰੋਸਾ ਦਿੱਤਾ ਜਾਂ ਨਹੀਂ? ਇਸ ਦਾ ਸਿੱਧਾ ਜਵਾਬ ਹਾਂ ਜਾਂ ਨਾਂਹ 'ਚ ਹੋ ਸਕਦਾ ਹੈ। ਟਰੰਪ ਨੇ ਵੀ ਇਹ ਨਹੀਂ ਕਿਹਾ ਕਿ ਉਨ੍ਹਾਂ ਦੀ ਗੱਲ ਪ੍ਰਧਾਨ ਮੰਤਰੀ ਮੋਦੀ ਨਾਲ ਹੋਈ ਹੈ। ਉਨ੍ਹਾਂ ਨੇ ਕਿਹਾ ਕਿ ਮੋਦੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਅਤੇ ਇਸ ਦੇ ਨਾਲ ਉਨ੍ਹਾਂ ਕਿਹਾ ਕਿ ਭਾਰਤ ਵਿਚ ਨਿਯੁਕਤ ਅਮਰੀਕੀ ਰਾਜਦੂਤ ਸਰਜਿਓ ਗੋਰ ਨੇ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਕੀਤੀ ਸੀ। ਕੀ ਪਤਾ ਗੋਰ ਨਾਲ ਮੁਲਾਕਾਤ 'ਚ ਅਜਿਹੀ ਕੋਈ ਗੱਲ ਹੋਈ ਹੋਵੇ। ਜੇ ਟਰੰਪ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਭਰੋਸਾ ਦਿੱਤਾ ਹੈ ਤਾਂ ਭਾਰਤ ਸਿੱਧਾ ਕਹੇ ਕਿ ਅਜਿਹਾ ਕੋਈ ਭਰੋਸਾ ਨਹੀਂ ਦਿੱਤਾ ਗਿਆ। ਇਸੇ ਤਰ੍ਹਾਂ ਰੂਸ ਤੋਂ ਤੇਲ ਖਰੀਦਣ ਦੇ ਸਵਾਲ ਦਾ ਵੀ ਏਨਾ ਘੁਮਾ ਕੇ ਜਵਾਬ ਦਿੱਤਾ ਗਿਆ ਹੈ ਕਿ ਸਿਰ ਚਕਰਾ ਜਾਵੇ। ਵੈਸੇ ਕਿਹਾ ਜਾ ਰਿਹਾ ਹੈ ਕਿ ਇਹ ਕੂਟਨੀਤੀ ਹੈ।



### ਪੰਜਾਬ ਵਿਚ ਵਧਦਾ ਨਸ਼ਾ

ਪੰਜਾਬ ਵਿਚ ਨਸ਼ੇ ਦੀ ਆਸਾਨੀ ਨਾਲ ਉਪਲਬੱਧਤਾ ਨੇ ਨਸ਼ਿਆਂ ਦੇ ਵੱਡੇ ਪੱਧਰ 'ਤੇ ਫੈਲਣ ਵਿਚ ਅਹਿਮ ਯੋਗਦਾਨ ਪਾਇਆ ਹੈ। ਨਸ਼ਾ ਕਰਨ ਵਾਲਿਆਂ ਨੂੰ ਅੱਜਕਲ੍ਹ ਹਰ ਪਿੰਡ ਅਤੇ ਸ਼ਹਿਰ ਵਿਚ ਹਰ ਤਰ੍ਹਾਂ ਦਾ ਨਸ਼ਾ ਮਿਲ ਜਾਂਦਾ ਹੈ। ਸ਼ੁਰੂ-ਸ਼ੁਰੂ ਵਿਚ ਸ਼ੌਕ ਵਜੋਂ ਨਸ਼ੇ ਦੀ ਵਰਤੋਂ ਕਰਨ ਵਾਲਾ ਵਿਅਕਤੀ ਨਸ਼ੇ ਦਾ ਆਦੀ ਹੋ ਜਾਂਦਾ ਹੈ। ਅਜਿਹਾ ਵਿਅਕਤੀ ਚੰਗੇ-ਮਾੜੇ ਵਿਚ ਅੰਤਰ ਕਰਨਾ ਭੁੱਲ ਜਾਂਦਾ ਹੈ ਅਤੇ ਨਸ਼ਾ ਪ੍ਰਾਪਤ ਕਰਨ ਲਈ ਕੁਝ ਵੀ ਕਰਨ ਨੂੰ ਤਿਆਰ ਹੋ ਜਾਂਦਾ ਹੈ। ਨਸ਼ਿਆਂ ਨੂੰ ਖ਼ਤਮ ਕਰਨ ਲਈ ਇਸ ਦੀ ਆਸਾਨੀ ਨਾਲ ਉਪਲਬੱਧਤਾ ਨੂੰ ਖਤਮ ਕਰਨਾ ਜ਼ਰੂਰੀ ਹੈ। ਸਰਕਾਰ ਨਸ਼ਿਆਂ ਦੀ ਰੋਕਥਾਮ ਲਈ ਉੱਚਿਤ ਕਦਮ ਚੁੱਕੇ ਅਤੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਸੁਚੇਤ ਕਰੇ, ਤਾਂ ਜੋ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਇਆ ਜਾ ਸਕੇ।

**-ਦਲਜੀਤ ਕੌਰ (ਬੀ.ਏ.)**
*ਸੰਤ ਬਾਬਾ ਅਤਰ ਸਿੰਘ ਖ਼ਾਲਸਾ ਕਾਲਜ (ਸੰਦੌੜ)।*

### ਪਾਣੀ ਦੀ ਦੁਰਵਰਤੋਂ

ਖ਼ਾਸ ਕਰਕੇ ਬਾਰਿਸ਼ਾਂ ਦੇ ਦਿਨਾਂ 'ਚ ਸ਼ਹਿਰਾਂ ਅਤੇ ਪਿੰਡਾਂ ਦੀਆਂ ਗਲੀਆਂ ਅਤੇ ਸੜਕਾਂ 'ਤੇ ਖੜ੍ਹਦੇ ਪਾਣੀ ਨੇ ਆਪਸੀ ਭਾਈਚਾਰਕ ਸਾਂਝ ਨੂੰ ਖਤਰੇ 'ਚ ਪਾਇਆ ਹੋਇਆ ਹੈ। ਕਾਫ਼ੀ ਸਮਾਂ ਪਹਿਲਾਂ ਪਾਣੀ ਦੀ ਏਨੀ ਜ਼ਿਆਦਾ ਦੁਰਵਰਤੋਂ ਨਹੀਂ ਸੀ, ਜਿੰਨੀ ਅਜੋਕੇ ਸਮੇਂ 'ਚ ਹੋ ਰਹੀ ਹੈ। ਘਰਾਂ ਦੀਆਂ ਛੱਤਾਂ 'ਤੇ ਰੱਖੀਆਂ ਪਾਣੀ ਦੀਆਂ ਟੈਂਕੀਆਂ ਭਰਨ ਤੋਂ ਬਾਅਦ ਵੀ ਮੱਛੀ ਮੋਟਰਾਂ ਚੱਲਦੀਆਂ ਰਹਿੰਦੀਆਂ ਹਨ, ਜਿਸ ਨਾਲ ਪਾਣੀ ਦਾ ਨੁਕਸਾਨ ਹੋਣ ਦੇ ਨਾਲ-ਨਾਲ ਛੱਪੜ ਜਾਂ ਸੀਵਰੇਜ ਓਵਰਫਲੋ ਹੋ ਰਹੇ ਹਨ। ਇਸ ਤੋਂ ਇਲਾਵਾ ਔਰਤਾਂ ਵਿਹੜੇ ਦੀ ਸਫਾਈ ਝਾੜੂ ਨਾਲ ਕਰਨ ਦੀ ਬਜਾਏ ਪਾਣੀ ਦੀ ਪਾਈਪ ਨਾਲ ਕਰਨਾ ਪਸੰਦ ਕਰਦੀਆਂ ਹਨ।

ਡੁੱਲ੍ਹਦਾ ਪਾਣੀ ਇਕੱਠਾ ਹੋ ਕੇ ਨੀਵੇਂ ਥਾਂ ਜਾ ਖੜ੍ਹਦਾ ਹੈ। ਪਾਣੀ ਖੜ੍ਹਨ ਕਾਰਨ ਨੇੜਲੇ ਘਰਾਂ ਵਾਲੇ ਇਕ-ਦੂਜੇ ਨੂੰ ਦੋਸ਼ ਦਿੰਦੇ ਹਨ, ਕਈ ਵਾਰ ਗੱਲ ਲੜਾਈ ਤੱਕ ਵੀ ਅੱਪੜ ਜਾਂਦੀ ਹੈ। ਲੋੜ ਹੈ ਲੋਕਾਂ ਨੂੰ ਪਾਣੀ ਦੀ ਬੇਲੋੜੀ ਵਰਤੋਂ ਨਾ ਕਰਨ ਦੀ, ਸਹਿਜ ਰੱਖਣ ਦੀ ਤਾਂ ਜੋ ਆਪਸੀ ਭਾਈਚਾਰਕ ਸਿਰਫ਼ ਪਾਣੀ ਦੀ ਲੜਾਈ ਨਾਲ ਖ਼ਤਮ ਨਾ ਹੋਵੇ।

**-ਅਮਨਦੀਪ**
*ਬਾਹਮਣਵਾਲਾ, ਕੋਟਕਪੂਰਾ।*

## ਸੰਪਾਦਕ ਦੇ ਨਾਂਅ

### ਮਿਹਨਤ ਹੀ ਸਫਲਤਾ ਦੀ ਕੁੰਜੀ

ਹਰ ਮਨੁੱਖ ਦਾ ਜ਼ਿੰਦਗੀ ਵਿਚ ਕੋਈ ਨਾ ਕੋਈ ਉਦੇਸ਼ ਜ਼ਰੂਰ ਹੁੰਦਾ ਹੈ। ਉਸ ਉਦੇਸ਼ ਤੱਕ ਪਹੁੰਚਣ ਲਈ ਮਨੁੱਖ ਬਹੁਤ ਮਿਹਨਤ ਕਰਦਾ ਹੈ। ਲਗਾਤਾਰ ਕੋਸ਼ਿਸ਼ ਕਰਕੇ ਇਨਸਾਨ ਆਪਣੇ ਉਸ ਟੀਚੇ ਨੂੰ ਹਾਸਿਲ ਵੀ ਕਰ ਲੈਂਦਾ ਹੈ। ਹਰ ਦਿਨ ਨਵੀਂ ਉਮੀਦ ਲੈ ਕੇ ਆਉਂਦਾ ਹੈ। ਜ਼ਰੂਰੀ ਨਹੀਂ ਕਿ ਪਹਿਲੀ ਵਾਰ ਹੀ ਇਨਸਾਨ ਸਫਲ ਹੋ ਜਾਵੇ। ਗ਼ਲਤੀਆਂ ਤੋਂ ਸਿਖ ਸਫਲਤਾ ਦੀ ਪੌੜੀਆਂ ਚੜ੍ਹਿਆ ਜਾਂਦਾ ਹੈ, ਜਿਸ ਮਨੁੱਖ ਦੇ ਅੰਦਰ ਕਿਸੇ ਵੀ ਟੀਚੇ ਨੂੰ ਹਾਸਿਲ ਕਰਨ ਦਾ ਜਜ਼ਬਾ ਹੁੰਦਾ ਹੈ ਦੁਨੀਆ ਦੀ ਕੋਈ ਵੀ ਤਾਕਤ ਉਸ ਨੂੰ ਮਾਤ ਨਹੀਂ ਦੇ ਸਕਦੀ, ਜੇਕਰ ਮਨੁੱਖ ਆਪ ਹਾਰ ਨਾ ਮੰਨੇ। ਆਪਣਾ ਆਤਮ-ਵਿਸ਼ਵਾਸ ਮਜ਼ਬੂਤ ਰੱਖੋ। ਨਿਮਰਤਾ, ਸਹਿਣਸ਼ੀਲਤਾ ਅਪਣਾਓ ਅਤੇ ਨਫ਼ਰਤ, ਈਰਖਾ, ਗੁੱਸਾ, ਪ੍ਰੇਸ਼ਾਨੀ, ਨਕਾਰਾਤਮਿਕ ਵਿਚਾਰਾਂ ਤੋਂ ਦੂਰੀ ਬਣਾ ਕੇ ਰੱਖੋ। ਸਹਿਜਤਾ ਨਾਲ ਅੱਗੇ ਵਧਦਾ ਹੋਇਆ ਇਨਸਾਨ ਆਪਣਾ ਮਨ-ਚਾਹਿਆ ਟੀਚਾ ਵੀ ਹਾਸਿਲ ਕਰ ਲੈਂਦਾ ਹੈ।

**-ਸੰਜੀਵ ਸਿੰਘ ਸੈਣੀ,** *ਮੋਹਾਲੀ।*

### ਸੁਚੇਤ ਰਹਿ ਕੇ ਮਨਾਓ ਤਿਉਹਾਰ

ਦੀਵਾਲੀ ਇਕ ਮਹੱਤਵਪੂਰਨ ਤਿਉਹਾਰ ਹੈ ਮਠਿਆਈ ਤੇ ਆਤਿਸ਼ਬਾਜ਼ੀ ਦੀ ਇਸ ਤਿਉਹਾਰ ਨੂੰ ਮਨਾਉਣ ਵਕਤ ਸਭ ਤੋਂ ਵੱਧ ਵਰਤੋਂ ਹੁੰਦੀ ਹੈ। ਤਿਉਹਾਰ ਮੌਕੇ ਜ਼ਿਆਦਾ ਮਿਕਦਾਰ 'ਚ ਤਿਆਰ ਹੋਣ ਕਰਕੇ ਮਿਲਾਵਟ ਵੀ ਵੱਡੇ ਪੱਧਰ 'ਤੇ ਹੁੰਦੀ ਹੈ, ਜੋ ਸਿਹਤ ਲਈ ਹਾਨੀਕਾਰਕ ਹੈ। ਇਸ ਲਈ ਮਠਿਆਈ ਦੀ ਵਰਤੋਂ ਸੁਚੇਤ ਰਹਿ ਕੇ ਕਰੋ। ਪਟਾਕੇ ਤੇ ਆਤਿਸ਼ਬਾਜ਼ੀ ਵਾਤਾਵਰਨ ਨੂੰ ਨਾ ਸਿਰਫ਼ ਪ੍ਰਦੂਸ਼ਿਤ ਕਰਦੀ ਹੈ, ਸਗੋਂ ਸਾਡੀ ਸਿਹਤ ਲਈ ਵੀ ਬੇਹੱਦ ਹਾਨੀਕਾਰਕ ਹੁੰਦੀ ਹੈ। ਗ੍ਰੀਨ ਦੀਵਾਲੀ ਮਨਾਓ, ਆਤਿਸ਼ਬਾਜ਼ੀ ਵੀ ਘੱਟ ਮਾਤਰਾ 'ਚ ਚਲਾਓ ਤੇ ਸਿਰਫ਼ ਉਹੀ ਪਟਾਕੇ ਤੇ ਆਤਿਸ਼ਬਾਜ਼ੀ ਚਲਾਓ, ਜੋ ਵਾਤਾਵਰਨ ਨੂੰ ਖਰਾਬ ਨਾ ਕਰੇ ਤੇ ਚੱਲਣ ਸਮੇਂ ਮਨੁੱਖੀ ਸਿਹਤ ਨੂੰ ਵੀ ਨੁਕਸਾਨ ਨਾ ਪਹੁੰਚਾਵੇ। ਮਠਿਆਈ ਵੀ ਉਹੀ ਖਾਓ ਜੋ ਮਿਲਾਵਟ ਰਹਿਤ ਹੋਵੇ। ਤਿਉਹਾਰ ਮਨਾਉਣ ਸਮੇਂ ਇਸ ਦੇ ਮਕਸਦ, ਮਨੋਰੰਜਨ ਤੇ ਸਿਹਤ ਦਾ ਖਿਆਲ ਰੱਖਣਾ ਜ਼ਰੂਰੀ ਹੈ।

**-ਲੈਕਚਰਾਰ ਅਜੀਤ ਖੰਨਾ**
*ਐਮ.ਏ.ਐਮ. ਫਿਲ, ਮਾਸਟਰ ਆਫ਼ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ, ਬੀ.ਐੱਡ।*

### ਸ਼ਾਂਤੀਪੂਰਨ ਹੋਣ ਚੋਣ ਰੈਲੀਆਂ

ਯੂਨੀਅਨ ਜਾਂ ਵਿਦਿਆਰਥੀ ਪਾਰਟੀ ਚੋਣਾਂ ਦੇ ਮੌਕੇ 'ਤੇ ਨਿਕਲਣ ਵਾਲੀਆਂ ਰੈਲੀਆਂ ਵਿਚ ਕਾਫੀ ਗਿਣਤੀ ਵਿਚ ਵਿਦਿਆਰਥੀ ਹਿੱਸਾ ਲੈਂਦੇ ਹਨ, ਜੋ ਕਿ ਲੋਕਤਾਂਤਰਿਕ ਜਾਗਰੂਕਤਾ ਦੀ ਦ੍ਰਿਸ਼ਟੀ ਨਾਲ ਸ਼ਲਾਘਾਯੋਗ ਹੈ। ਪਰ ਕਈ ਵਾਰ ਇਹ ਦੇਖਿਆ ਜਾਂਦਾ ਹੈ ਕਿ ਇਨ੍ਹਾਂ ਰੈਲੀਆਂ ਵਿਚ ਕੁਝ ਵਿਦਿਆਰਥੀ ਗੱਡੀਆਂ ਅਤੇ ਜੀਪਾਂ ਰਾਹੀਂ ਸ਼ਾਮਿਲ ਹੁੰਦੇ ਹਨ, ਕਈ ਵਿਦਿਆਰਥੀ ਵਾਹਨਾਂ ਦੇ ਉੱਪਰ ਬੈਠੇ ਹੁੰਦੇ ਹਨ ਅਤੇ ਕੁਝ ਵਾਹਨਾਂ ਦੀਆਂ ਤਾਕੀਆਂ ਵਿਚੋਂ ਬਾਹਰ ਨਿਕਲ ਕੇ ਖੜ੍ਹੇ ਹੁੰਦੇ ਹਨ, ਜੋ ਸਪੱਸ਼ਟ ਤੌਰ 'ਤੇ ਟਰੈਫਿਕ ਨਿਯਮਾਂ ਦੀ ਉਲੰਘਣਾ ਹੈ ਅਤੇ ਆਮ ਜਨਤਾ ਨੂੰ ਆਵਾਜਾਈ ਵਿਚ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤਰ੍ਹਾਂ ਦੀਆਂ ਵਿਦਿਆਰਥੀ ਰੈਲੀਆਂ ਨੂੰ ਸ਼ਾਂਤੀਪੂਰਵਕ ਢੰਗ ਨਾਲ ਆਯੋਜਿਤ ਕੀਤਾ ਜਾਣਾ ਚਾਹੀਦਾ ਹੈ। ਅਜੋਕੇ ਸੋਸ਼ਲ ਮੀਡੀਆ ਦੇ ਮਾਧਿਅਮ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਕੋਈ ਵੀ ਮਹੱਤਵਪੂਰਨ ਜਾਣਕਾਰੀ ਪ੍ਰਸਾਰਿਤ ਕੀਤੀ ਜਾ ਸਕਦੀ ਹੈ।

**-ਰੋਮਨਜੀਤ ਸਿੰਘ**
*ਸਰਹਿੰਦ।*

CMYK